# ਗੁਰਬਾਣੀ ਕੀਰਤਨ ਦੇ ਪੁਰਾਤਨ ਅਤੇ ਆਧੁਨਿਕ ਵੱਖ-ਵੱਖ ਰੂਪਾਂ ਦਾ ਅਧਿਐਨ

ਗੁਰੂ ਨਾਨਕ ਦੇਵ ਵਿਸ਼ਵਵਿਦਿਆਲਿਆ (ਅੰਮ੍ਰਿਤਸਰ) ਦੇ ਤੱਤਵਿਧਾਨ ਦੇ ਅੰਤਰਗਤ
ਹੰਸ ਰਾਜ ਮਹਿਲਾ ਮਹਾਂ ਵਿਦਿਆਲਿਆ ਦੇ ਗਾਇਨ ਸੰਗੀਤ ਵਿਚ

ਐਮ. ਏ. ਦੀ ਡਿਗਰੀ ਲਈ ਪ੍ਰਸਤੁਤ

ਲਘੂ ਖੋਜ ਪ੍ਰਯੋਜਨਾ

2022


**ਨਿਰਦੇਸ਼ਕ**

ਡਾ. ਪ੍ਰੇਮ ਸਾਗਰ ਗਰੋਵਰ

**ਨਿਗਰਾਨ**

ਸ਼੍ਰੀਮਤੀ ਰਾਧਿਕਾ ਸੋਨੀ

**ਖੋਜ ਕਰਤਾ**

ਹਰਪ੍ਰੀਤ ਕੌਰ

ਗਾਇਨ ਸੰਗੀਤ ਵਿਭਾਗ

ਹੰਸ ਰਾਜ ਮਹਿਲਾ ਮਹਾਂ ਵਿਦਿਆਲਿਆ,

ਜਲੰਧਰ।


2022

# ਪ੍ਰਮਾਣ ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਹਰਪ੍ਰੀਤ ਕੌਰ ਨੇ ਪ੍ਰਸਤੁਤ ਲਘੂ ਖੋਜ ਪ੍ਰਯੋਜਨਾ "**ਗੁਰਬਾਣੀ ਕੀਰਤਨ ਦੇ ਪੁਰਾਤਨ ਅਤੇ ਆਧੁਨਿਕ ਵੱਖ-ਵੱਖ ਰੂਪਾ ਦਾ ਅਧਿਐਨ**" ਲਗਨ ਅਤੇ ਮਿਹਨਤ ਨਾਲ ਸਮਾਪਤ ਕੀਤੀ ਹੈ।ਅਜਿਹਾ ਕਰਦੇ ਹੋਏ ਖੋਜਕਰਤਾ ਨੇ ਖੋਜ ਪ੍ਰਕਿਰਿਆ ਦੀਆਂ ਤਕਨੀਕਾਂ ਨੂੰ ਆਤਮਸਾਤ ਕਰਨ ਦਾ ਭਰਪੂਰ ਯਤਨ ਕੀਤਾ ਹੈ।

ਪਾਠਕ੍ਰਮ ਦੇ ਨਿਰਦੇਸ਼ ਅਨੁਸਾਰ ਖੋਜਕਰਤਾ ਨੇ ਵਿਸ਼ੇ ਦੀ ਚੋਣ ਕਰਦੇ ਹੋਏ ਸ਼ੋਧ ਪ੍ਰਕਿਰਿਆ ਦਾ ਸੰਤੋਸ਼ਜਨਕ ਪਾਲਣ ਕੀਤਾ ਹੈ।

ਨਿਰਦੇਸ਼ਕ

ਡਾ. ਪ੍ਰੇਮ ਸਾਗਰ ਗਰੋਵਰ

ਐਸੋਸੀਏਟ ਪ੍ਰੋਫ਼ੈਸਰ

ਨਿਗਰਾਨ

ਸ੍ਰੀਮਤੀ ਰਾਧਿਕਾ ਸੋਨੀ

ਗਾਇਨ ਸੰਗੀਤ ਵਿਭਾਗ

ਹੰਸ ਰਾਜ ਮਹਿਲਾ ਮਹਾਂ ਵਿਦਿਆਲਿਆ,

ਜਲੰਧਰ।

2022

## ਘੋਸ਼ਣਾ ਪੱਤਰ

ਮੈ ਹਰਪ੍ਰੀਤ ਕੌਰ ਐਮ. ਏ. ਸਮੈਸਟਰ-4 ਦੀ ਵਿਦਿਆਰਥਣ ਘੋਸ਼ਣਾ ਕਰਦੀ ਹਾਂ ਕਿ ਮੈ. ਇਹ ਲਘੂ ਖੋਜ-ਪ੍ਰੋਜਜਨਾ ਆਪਣੀ ਮਿਹਨਤ ਅਤੇ ਲਗਨ ਨਾਲ ਪੂਰਨ ਕੀਤੀ ਹੈ। ਮੇਰਾ ਇਹ ਖੋਜ ਕਾਰਜ ਨਿਰਦੇਸ਼ਕ ਡਾ. ਪ੍ਰੇਮ ਸਾਗਰ ਜੀ ਅਤੇ ਨਿਰੀਖਿਾਂਕ ਸ਼੍ਰੀਮਤੀ ਰਾਧਿਕਾ ਸੋਨੀ ਜੀ ਦੇ ਕੁਸ਼ਲ ਮਾਰਗ ਦਰਸ਼ਨ ਅਧੀਨ ਸਮਾਪਤ ਹੋਇਆ ਹੈ।

**ਖੋਜ ਕਰਤਾ ਦੇ ਹਸਤਾਖਰ**

**ਖੋਜ ਕਰਤਾ ਦਾ ਨਾਮ**

ਹਰਪ੍ਰੀਤ ਕੌਰ

# ਵਿਸ਼ਾ - ਸੂਚੀ

## ਗੁਰਬਾਣੀ ਕੀਰਤਨ ਦੇ ਪੁਰਾਤਨ ਅਤੇ ਆਧੁਨਿਕ ਢੰਗ - ਢੰਗ ਰੂਪਾਂ ਦਾ ਅਧਿਐਨ


ਅਧਿਆਇ - ਪਹਿਲਾ  ਪੰਨਾ - (1-11)

ਮਨੁੱਖੀ ਜੀਵਨ ਵਿੱਚ ਪ੍ਰਭੂ ਭਗਤੀ ਦਾ ਮਹੱਤਵ

1.1 ਭਗਤੀ ਸੰਗੀਤ ਕੀ ਹੈ?
1.2 ਭਗਤੀ ਸੰਗੀਤ ਦਾ ਇਤਿਹਾਸਕ ਪਿਛੋਕੜ
1.3 ਭਾਰਤੀ ਭਗਤੀ ਸੰਗੀਤ ਦੀ ਧਾਰਾ ਵਜੋਂ ਗੁਰਬਾਣੀ ਸੰਗੀਤ ਪਰੰਪਰਾ
1.3.1 ਗੁਰਮਤਿ ਸੰਗੀਤ ਦਾ ਅਰਥ
1.3.2 ਗੁਰਮਤਿ ਸੰਗੀਤ ਵਿੱਚ ਵਰਤੇ ਗਏ ਸੰਕੇਤ
1.3.3 ਗੁਰਬਾਣੀ ਦਾ ਰਾਗਾਤਮਕ ਸੰਗਠਨ ਅਤੇ ਸੰਪਾਦਨ
1.3.4 ਗੁਰਬਾਣੀ ਦੇ ਰਚਨਾਕਾਰ
1.3.5 ਗੁਰਬਾਣੀ ਦੇ ਢੰਗ - ਢੰਗ ਗਾਇਨ ਰੂਪ

ਅਧਿਆਇ - ਦੂਜਾ  ਪੰਨਾ - (12-14)

ਖੋਜ ਪ੍ਰਯੋਜਨਾ

2.1 ਸਮੱਸਿਆ ਕਥਨ
2.2 ਖੋਜ ਦਾ ਉਦੇਸ਼
2.3 ਖੋਜ ਦਾ ਮਹੱਤਵ
2.4 ਖੋਜ ਵਿਧੀ
2.5 ਦੱਤ ਸੰਕਲਨ
2.6 ਸੀਮਾਵਾਂ

ਅਧਿਆਇ - ਤੀਜਾ　　　　ਪੰਨਾ - (15 - 25)

## ਗੁਰਬਾਣੀ ਸੰਗੀਤ ਦੇ ਪ੍ਰਚਲਿਤ ਅਤੇ ਆਧੁਨਿਕ ਗਾਇਨ ਰੂਪ

3.1 ਗੁਰਬਾਣੀ ਕੀਰਤਨ ਦੇ ਅੰਤਰਗਤ ਸ਼ਾਸਤਰੀ ਅੰਗ ਦੇ ਗਾਇਨ ਰੂਪ

- ਅਸ਼ਟਪਦੀਆਂ
- ਪਦ
- ਪੜਤਾਲ
- ਰੈਣੀ ਸਾਕੇ

3.2 ਗੁਰਮਤਿ ਕੀਰਤਨ ਦੇ ਅੰਤਰਗਤ ਲੋਕ ਸੰਗੀਤ ਅੰਗ ਦੇ ਗਾਇਨ ਰੂਪ

- ਅਲਾਹੁਣੀ, ਕਾਫੀ, ਘੋੜੀਆਂ, ਆਰਤੀ, ਅੰਜੁਲੀ, ਸਦ, ਸੋਹਿਲਾ, ਕਰਹਲੇ, ਕੁਚਿਘੋੜੇ, ਛੰਤ, ਡਖਣੇ, ਥਿਤੀ, ਦਿਨ-ਰੈਣਿ, ਪਹਿਰੇ, ਪਟੀ, ਬਾਰਹਮਾਹ, ਬਾਵਨ ਅੱਖਰੀ, ਬਿਰਹੜੇ, ਸਲੋਕ, ਰੁਤੀ, ਵਣਜਾਰਾ, ਵਾਰ.

3.3 ਗੁਰਬਾਣੀ ਕੀਰਤਨ ਦੇ ਆਧੁਨਿਕ ਸੁਗਮ ਅੰਗ ਦੇ ਗਾਇਨ ਰੂਪ

- ਗੁਲਦਸਤਾ　　　　ਪੰਨਾ - 25
- ਗਿੱਟਾ　　　　ਪੰਨਾ - 26
- ਸੰਦਰਭ ਗ੍ਰੰਥ ਸੂਚੀ　　　　ਪੰਨਾ - 27

## ☆ ਅਧਿਆਇ - ਪਹਿਲਾ

## ☆ ਮਨੁੱਖੀ ਜੀਵਨ ਵਿੱਚ ਪ੍ਰਭੂ ਭਗਤੀ ਦਾ ਮਹੱਤਵ

ਸੰਗੀਤ ਆਦਿ ਕਾਲ ਤੋਂ ਹੀ ਮਨੁੱਖੀ ਜੀਵਨ ਦਾ ਅਟੁੱਟ ਅੰਗ ਰਿਹਾ ਹੈ। ਇਸਦਾ ਮੁੱਖ ਕਾਰਨ ਇਹ ਹੈ ਕਿ ਸੰਗੀਤ ਭਾਵ ਪ੍ਰਧਾਨ ਹੁੰਦਾ ਹੈ ਅਤੇ ਮਨੁੱਖੀ ਮਨੋਭਾਵ ਨੂੰ ਉਤੇਜਿਤ ਦੀ ਸ਼ਕਤੀ ਰੱਖਦਾ ਹੈ। ਇਨਸਾਨ ਦੇ ਜਨਮ ਤੋਂ ਲੈ ਕੇ ਮੌਤ ਤੱਕ ਸੰਗੀਤ ਉਸਦੇ ਨਾਲ - ਨਾਲ ਚੱਲਦਾ ਹੈ। ਇਹੀ ਕਾਰਨ ਹੈ ਕਿ ਸੰਗੀਤ ਨੂੰ ਸਮਾਜ ਨਾਲੋਂ ਵੱਖ ਕਰਨਾ ਅਸੰਭਵ ਹੈ। ਇਸਨੂੰ ਮਨੁੱਖੀ ਭਾਵਨਾਵਾਂ ਦਾ ਅਕਸ ਆਖ ਸਕਦੇ ਹਾਂ। ਮਨੁੱਖ ਦੀਆਂ ਸੁਹਜਾਤਮਕ ਰੁਚੀਆਂ ਦੀ ਪੂਰਤੀ ਲਈ ਸੰਗੀਤ ਮੁੱਢ ਤੋਂ ਹੀ ਇਕ ਸ਼ਕਤੀਸ਼ਾਲੀ ਮਾਧਿਅਮ ਰਿਹਾ ਹੈ। ਪ੍ਰਾਚੀਨ ਕਾਲ ਤੋਂ ਹੀ ਸੰਗੀਤ ਨੂੰ ਗਾਇਨ, ਵਾਦਨ ਅਤੇ ਨ੍ਰਿਤ ਦਾ ਸੁਮੇਲ ਮੰਨਿਆ ਜਾਂਦਾ ਹੈ, ਅਰਥਾਤ ਗਾਇਨ, ਵਾਦਨ ਅਤੇ ਨ੍ਰਿਤ ਤਿੰਨੇ ਹੀ ਸਮਗਰੀ ਸੰਗੀਤ ਦੇ ਮੁੱਖ ਅੰਗ ਹਨ।

"ਗੀਤੰ ਵਾਦਿਯੰ ਤਥਾ ਨ੍ਰਿਤੰ ਤ੍ਰਯੰ ਸੰਗੀਤ ਮੁਚਯਤੇ"[1]

ਪ੍ਰਾਚੀਨ ਕਾਲ ਵਿੱਚ ਇਨ੍ਹਾਂ ਤਿੰਨਾਂ ਕਲਾਵਾਂ ਦੀ ਵਰਤੋਂ ਜ਼ਿਆਦਾਤਰ ਇਕੱਠੇ ਹੀ ਹੁੰਦੀ ਸੀ। ਵਿਸ਼ੇਸ਼ਕਰ ਵੈਦਿਕ ਕਾਲ ਵਿੱਚ ਸੰਗੀਤ ਦਾ ਸੰਬੰਧ ਧਰਮ ਨਾਲ ਸੀ।

ਸ਼ਬਦ ਜਾਂ ਨਾਦ ਆਕਾਸ਼ ਦੀ ਨਿਤਯ ਵਿਭੂਤੀ ਹੈ, ਜਿਸਦਾ ਕਦੀ ਨਾਸ਼ ਨਹੀਂ ਹੋ ਸਕਦਾ। ਕਾਲ ਦੇ ਜਿਵੇਂ ਵਿਕਾਸ ਹੋਇਆ, ਉਸ ਵਿਕਾਸ ਵਿੱਚ ਉਸਦੀ ਵਰਤੋਂ ਦੇ ਨਵੇਂ ਤਰੀਕੇ ਸਾਹਮਣੇ ਆਉਣ ਲਗ ਪਏ। ਉਹਨਾਂ ਨਵਿਆਂ ਵਿੱਚ ਸੰਗੀਤ ਦੀ ਵਰਤੋਂ ਅਤੇ ਸਿਖਲਾਈ ਸਾਹਮਣੇ ਆਉਣ ਲਗ ਪਿਆ।

1. ਸੰਗੀਤ ਰਤਨਾਕਰ, ਪ੍ਰਥਮ ਸਵਰ ਅਧਿਆਇ

## 1.1 ਭਗਤੀ ਸੰਗੀਤ ਕੀ ਹੈ?

ਪ੍ਰਮਾਤਮਾ ਦਾ ਹਰ ਨਾਮ ਵਿੱਚ ਸੰਗੀਤ ਹੈ। ਸ਼ਬਦ ਅਤੇ ਪ੍ਰੇਮ ਦੇ ਆਧਾਰ ਨਾਲ ਸੰਗੀਤ ਜਾਂ ਸ਼ਬਦ ਦੀ ਚੇਤਨ-ਸ਼ਕਤੀ ਜਾਗ੍ਰਿਤ ਹੁੰਦੀ ਹੈ। ਕਬੀਰ, ਸੂਰ, ਮੀਰਾਂ, ਤੁਲਸੀ, ਪੁਰੰਦਰ ਦਾਸ, ਤਿਆਗਰਾਜ, ਤੁਕਾਰਾਮ, ਨਰਸੀ, ਰੈਦਾਸ, ਹਰੀਦਾਸ, ਜੈਦੇਵ, ਵਿਦਿਆਪਤੀ, ਪ੍ਰਿਤਮਦਾਸ, ਨਾਨਕ, ਦਾਦੂ, ਸੁੰਦਰਦਾਸ, ਚਰਨ ਦਾਸ, ਸਹਜੋਬਾਈ, ਦਇਆਬਾਈ ਆਦਿ ਸੰਤ-ਭਗਤਾਂ ਨੇ ਸ਼ਬਦ ਅਤੇ ਸੰਗੀਤ ਦੀ ਚੇਤਨ-ਸ਼ਕਤੀ ਨਾਲ ਹੀ ਭਗਵਾਨ ਦਾ ਅਪਾਰ ਪ੍ਰੇਮ ਪ੍ਰਾਪਤ ਕੀਤਾ ਅਤੇ ਜਗਤ ਨੂੰ ਮੁਕਤੀ ਦਾ ਸੰਦੇਸ਼ ਦਿੱਤਾ। ਜੀਵਨ ਦੇ ਲਕਸ਼, ਅਰਥਾਤ ਆਨੰਦ ਦੀ ਪ੍ਰਾਪਤੀ ਦੇ ਲਈ ਮਨ, ਬਚਨ ਅਤੇ ਕਰਮ ਨਾਲ ਈਸ਼ਵਰ ਭਗਤੀ ਜ਼ਰੂਰੀ ਹੈ।

"ਪਰਮ ਪਿਤਾ ਪ੍ਰਮਾਤਮਾ ਦੇ ਪ੍ਰਤੀ ਅਪਾਰ ਪ੍ਰੇਮ ਅਤੇ ਸਮਰਪਣ ਦੀ ਭਾਵਨਾ ਨੂੰ ਹੀ ਭਗਤੀ ਕਹਿੰਦੇ ਹਨ।"[1]

ਸ਼ਾਸਤਰਾਂ ਵਿੱਚ 9 ਪ੍ਰਕਾਰ ਦੀ ਭਗਤੀ ਦੱਸੀ ਗਈ ਹੈ ਅਤੇ ਜਿਨ੍ਹਾਂ ਵਿੱਚੋਂ ਈਸ਼ਵਰ ਦੇ ਗੁਣਾਂ ਦਾ ਗਾਇਨ (ਕੀਰਤਨ) ਸਰਵੋਤਮ ਅਤੇ ਉੱਤਮ ਹੈ। ਗਾਇਨ ਦੇ ਸੰਵੇਦਨਸ਼ੀਲ ਹੋਣ ਤੇ ਸਮਰਪਣ ਭਾਵ ਪੈਦਾ ਹੁੰਦਾ ਹੈ। ਜਿਸ ਨਾਲ ਚਿੱਤ ਸ਼ਾਂਤ ਹੁੰਦਾ ਹੈ ਅਤੇ ਵੈਰਾਗ ਪੈਦਾ ਹੁੰਦਾ ਹੈ।

"ਵੈਰਾਗ ਦੇ ਅਨੁਕੂਲ ਰਾਗ ਹੋਵੇ, ਰਾਗ ਦੇ ਅਨੁਕੂਲ ਬੋਲ ਹੋਵੇ, ਬੋਲ ਦੇ ਅਨੁਕੂਲ ਸ਼ਬਦ ਹੋਣ ਅਤੇ ਸ਼ਬਦਾਂ ਦੇ ਅਨੁਕੂਲ ਲੈਅ ਹੋਵੇ ਤਾਂ ਮਨ ਅਪਣੇ ਸਮਾਧੀ ਵਿੱਚ ਲੀਨ ਹੋ ਜਾਂਦਾ ਹੈ।"[2]

ਸੱਚ, ਮੂਲ ਤੌਰ ਤੇ ਈਸ਼ਵਰ ਦਾ ਸਾਕਸ਼ਾਤਕਾਰ ਕਰਨ ਦੀ ਪ੍ਰਵਿਰਤੀ ਮਨੁੱਖ ਦੇ ਸੁਭਾਅ ਵਿੱਚ ਸ਼ੁਰੂ ਤੋਂ ਹੀ ਕਿਸੇ ਨਾ ਕਿਸੇ ਰੂਪ

1. भक्ति संगीत अंक, जनवरी, 1970 (सम्पादकीय)
2. ਉਹੀ

ਇੱਕ ਵਿਵਸਥਾ ਰਹੀ ਹੈ। ਇਸਦੀ ਅਭਿਵਿਅਕਤੀ ਸੰਗੀਤਕਾਰ ਦੇ ਹਰ ਸਤਰ, ਦੇਸ਼ਾਂ ਅਤੇ ਕਾਲਾਂ ਵਿੱਚ ਹੁੰਦੀ ਰਹੀ ਹੈ। ਜਿਸ ਦਾ ਨਾਮ ਭਗਤੀ ਹੈ।

"ਭਗਤੀ ਭਰੇ ਕਾਵਿ ਨੂੰ ਹੀ ਭਜਨ ਕਹਿੰਦੇ ਹਨ।"[1]

ਵੇਦ ਅਤੇ ਸ਼ਾਸਤਰ ਦੀ ਦ੍ਰਿਸ਼ਟੀ ਤੋਂ ਭਗਤੀ ਗੀਤ ਵਿੱਚ ਕੋਈ ਬੰਧਨ ਨਹੀਂ ਹੁੰਦਾ ਪਰ ਫਿਰ ਵੀ ਜਦੋਂ ਇਸ ਗਾਨ ਸਵਰ, ਰਾਗ ਅਤੇ ਤਾਲ ਨਾਲ ਸਜਾਕੇ ਪੇਸ਼ ਕੀਤੇ ਜਾਂਦੇ ਹਨ ਤਾਂ ਰਸ ਦੀ ਨਿਰਝਰੀ ਧਾਰਾ ਵਹਿੰਦੀ ਹੈ, ਉਹ ਵਿਖਿਆਨ ਤੋਂ ਪਰੇ ਹੈ। ਭਗਤੀ ਪਦ ਇੱਕ ਈਸ਼ਵਰ ਦੇ ਰੂਪ ਅਤੇ ਗੁਣਾਂ ਦਾ ਕੀਰਤਨ ਹੁੰਦਾ ਹੈ। ਨਿਰਗੁਣ ਅਤੇ ਸਰਗੁਣ ਦੋਵਾਂ ਸਰੂਪਾਂ ਦਾ ਗੁਣਗਾਨ ਕੀਤਾ ਜਾਂਦਾ ਹੈ। ਪਰ ਦੇ ਮੁੱਖ ਉਚਾਰਣ, ਰਾਗ, ਤਾਲ ਆਦਿ ਇੱਕ ਕੀਰਤਨਕਾਰ ਲਈ ਪ੍ਰਧਾਨ ਹੋਣਾ ਜ਼ਰੂਰੀ ਨਹੀਂ, ਸਗੋਂ ਸਰਲ ਸਵਰ ਉਚਾਰਣ ਅਤੇ ਆਤਮਰਪਣ ਦੀ ਭਾਵਨਾ ਨਾਲ ਹੀ ਈਸ਼ਵਰ ਨੂੰ ਸੰਤੁਸ਼ਟ ਕੀਤਾ ਜਾਂਦਾ ਹੈ। ਕਿਉਂਕਿ ਉਸਦਾ ਸਰਲ ਇਸ਼ਟ ਨਾਲ ਏਕਾਕਾਰਤਾ ਅਤੇ ਇਕਰੂਪਤਾ ਹੈ। ਕੀਰਤਨ ਵਿੱਚ ਕੀ ਸ਼ਾਸਤਰ ਗਿਆਨ ਦੀ ਅਪੇਖਿਆ ਨਹੀਂ ਰਹਿੰਦੀ। ਇਹ ਸਰਬੱਗ ਅਤੇ ਸੰਪੂਰਣ ਅਨੁਭਵ ਹੈ। ਇਸ ਦ੍ਰਿਸ਼ਟੀ ਤੋਂ ਕੀਰਤਨ ਮਨੁੱਖ ਦੀ ਮੁੱਖ ਅਤੇ ਪਰਮ ਉੱਤਮ ਸੰਵੇਦਨਾ ਹੈ। ਗੀਤ ਨੂੰ ਧਰਮ, ਕਾਮ, ਅਰਥ ਅਤੇ ਮੋਕਸ਼ ਚਾਰਾਂ ਪੁਰਸ਼ਾਰਥਾਂ ਦਾ ਸਾਧਨ ਦੱਸਿਆ ਗਿਆ ਹੈ।

ਅਸਲ ਵਿੱਚ ਭਗਤੀ-ਰਸ ਇੱਕ ਐਸੀ ਅਨੰਦਮਈ ਚੇਤਨਾ ਹੈ ਜਿਸਦੇ ਅੰਤਰ-ਆਤਮ ਨਾਲ ਹੀ ਅੰਤਃਕਰਣ ਨੂੰ ਸ਼ਾਂਤੀ ਮਿਲਦੀ ਹੈ ਅਤੇ ਉਹ ਪਵਿੱਤਰ ਹੁੰਦਾ ਹੈ। ਹਿੰਦੀ ਦੇ ਸਾਰੇ ਸੰਤ-ਸਾਹਿਤ ਅਤੇ ਭਗਤੀ-ਸਾਹਿਤ ਵਿੱਚ ਅਭੇਦ ਦੀ ਆਖਿਰ ਰੂਪ ਵਿੱਚ ਪ੍ਰਾਪਤੀ ਦਾ ਮਾਧਿਅਮ ਭਗਤੀ ਸੰਗੀਤ ਨੂੰ ਦੱਸਿਆ ਗਿਆ ਹੈ। ਇਸੇ ਲਈ ਹੀ ਸਾਰੇ ਸੰਤਾਂ ਅਤੇ ਭਗਤਾਂ ਨੇ ਭਗਤੀ ਨੂੰ ਸ੍ਰੇਸ਼ਠ ਰਸ ਮੰਨਿਆ ਹੈ ਅਤੇ ਬਾਕੀ ਸਾਰੇ ਰਸਾਂ ਨੂੰ ਭਗਤੀ ਦਾ ਹੀ ਪਰੀਕ੍ਰਿਆ

1. भक्ति संगीत अंक, जनवरी, 1970

ਹੋਇਆ ਰੂਪ ਰਿਹਾ ਹੈ। ਭਾਰਤੀ ਰੀਤ ਪਵਿੱਤਰ, ਪ੍ਰਭਾਵਸ਼ਾਲੀ ਅਤੇ ਅਲੌਕਿਕ ਸ਼ਕਤੀ ਨਾਲ ਭਰਪੂਰ ਹੁੰਦੇ ਹਨ। ਭਾਰਤੀ ਸ਼ਬਦ ਵਿੱਚ ਸੱਤ, ਸ਼ਿਵ ਅਤੇ ਸੁੰਦਰਮ ਦਾ ਅਦਭੁੱਤ ਸੁਮੇਲ ਹੈ। ਭਾਰਤੀ ਰੀਤ ਨਾਲ ਅਨੇਕਤਾ ਵਿੱਚ ਏਕਤਾ ਦਾ ਬੋਧ ਹੁੰਦਾ ਹੈ ਅਤੇ ਤਰੀਆ ਘਰ ਦੀ ਪ੍ਰਾਪਤੀ ਹੁੰਦੀ ਹੈ। ਇਹ ਗਿਆਨ ਦੀ ਉਹ ਪਰਮ ਅਵਸਥਾ ਹੈ ਜਿਥੇ ਸਾਰੇ ਪਾਪ ਭਸਮ ਹੋ ਜਾਂਦੇ ਹਨ। ਸੁਰ ਜਿਹਾ ਭਾਵ, ਸੰਗੀਤ ਜਿਹਾ ਪ੍ਰੇਮ ਅਤੇ ਤਪਸੀ ਜਿਹੀ ਸਾਧਨਾ ਰੱਖਦੇ ਜੇ ਭਾਰਤੀ ਸੰਗੀਤ ਪ੍ਰਸਤੁਤ ਕੀਤਾ ਜਾਵੇ ਤਾਂ ਮਨੁੱਖ ਦਾ ਮਨ ਨਰਮ ਹੋ ਜਾਵੇ।'[1]

## 1.2 ਭਾਰਤੀ ਭਾਰਤੀ ਸੰਗੀਤ ਦਾ ਇਤਿਹਾਸਿਕ ਪਿਛੋਕੜ

ਅਸੀਂ ਸਾਰੇ ਹੀ ਇਸ ਗੱਲ ਤੋਂ ਭਲੀ-ਭਾਂਤ ਜਾਣੂ ਹਾਂ ਕਿ ਭਾਰਤ ਵਿੱਚ ਹੀ ਨਹੀਂ ਸਗੋਂ ਸਾਰੇ ਸੰਸਾਰ ਵਿੱਚ ਸੰਗੀਤ ਦੀ ਸ਼ੁਰੂਆਤ ਧਾਰਮਿਕ ਭਾਵਨਾਵਾਂ ਦੀ ਅਭਿਵਿਅਕਤੀ ਨਾਲ ਹੋਈ। ਸੰਸਾਰ ਦੀਆਂ ਸਾਰੀਆਂ ਪ੍ਰਾਚੀਨ ਸੰਸਕ੍ਰਿ-ਤੀਆਂ ਵਿੱਚ ਧਰਮ ਅਤੇ ਸੰਗੀਤ ਦਾ ਗਹਿਰਾ ਸੰਬੰਧ ਰਿਹਾ ਹੈ। ਚਾਹੇ ਮਿਸਰ ਹੋਵੇ, ਸੀਰੀਆ, ਯੂਨਾਨ ਜਾਂ ਭਾਰਤ, ਸਾਰੀਆਂ ਸਭਿਅਤਾਵਾਂ ਵਿੱਚ ਸੰਗੀਤ ਦਾ ਜਨਮ ਭਗਤੀ-ਭਾਵਨਾ ਤੋਂ ਹੋਇਆ ਹੈ। ਇਹਨਾਂ ਵਿੱਚੋਂ ਭਾਰਤ ਨੂੰ ਛੱਡ ਕੇ ਬਾਕੀ ਸਾਰੀਆਂ ਸਭਿਅਤਾਵਾਂ ਨਾਸ਼ਮਾਨ ਹੀ ਹੋ ਗਈਆਂ ਹਨ। ਪਰ ਸਾਡਾ ਦੇਸ਼ ਇਸ ਸੰਬੰਧ ਵਿੱਚ ਭਾਗਸ਼ਾਲੀ ਹੈ। ਰਿਸ਼ੀਆਂ ਅਤੇ ਮੁਨੀਆਂ ਦੀ ਅਨਨ ਭਗਤੀ ਅਤੇ ਸਾਧਨਾ ਦੇ ਫਲਸਰੂਪ ਸਾਡੇ ਦੇਸ਼ ਦੇ ਭਾਰਤੀ ਸੰਗੀਤ ਦੇ ਨਾਤੇ ਤੋਂ ਪ੍ਰਾਚੀਨ ਗੀਤ ਵੇਦਾਂ ਦੇ ਰੂਪ ਵਿੱਚ ਅੱਜ ਵੀ ਸੁਰੱਖਿਅਤ ਹਨ। ਭਾਰਤ ਦੀ ਇਹ ਪਰੰਪਰਾ ਵਿਸ਼ਵ-ਸਾਹਿਤ ਦੇ ਸਭ ਤੋਂ ਪ੍ਰਾਚੀਨ ਗ੍ਰੰਥ 'ਰਿਗਵੇਦ' ਤੋਂ ਪ੍ਰਤੀਤ ਹੈ। ਸਾਡੇ ਪੂਰਵਜ ਪ੍ਰਕ੍ਰਿਤੀ ਦੀ ਉਪਾਸਨਾ ਕਰਦੇ ਅਤੇ ਦੇਵੀਆਂ ਨਮਸਕਾਰ ਕਰਨ

1. भक्ति संगीत अंक, जनवरी, 1970

ਧਾਰੀਆਂ ਫਕੀਰਾਂ ਤੋਂ ਪ੍ਰਭਾਵਿਤ ਸਨ। ਉਹਨਾਂ ਦਾ ਮੰਨਣਾ ਸੀ ਕਿ ਇਸਦੇ ਪਿਛੇ ਕਿਸੇ ਕਲਾਕਾਰ ਦਾ ਹੱਥ ਹੈ। ਵਿਸ਼ਣੂ ਦੀ ਉਹਨਾਂ ਦੀ ਸੋਚ ਅਤੇ ਸ਼ਰਧਾ ਸੀ।[1]

ਭਾਰਤੀ ਸੰਗੀਤ ਵਿੱਚ ਭਗਤੀ ਦੀ ਪਰੰਪਰਾ ਸੰਗੀਤ ਦੇ ਇਤਿਹਾਸ ਦੀ ਪਹਿਲੀ ਕੜੀ ਹੈ। ਇਹ ਭਗਤੀ ਸੰਗੀਤ ਸਮਾਜ ਦੇ ਹਰ ਜਨਮਾਨਸ ਦੀ ਜ਼ਿੰਦਗੀ ਦਾ ਅਨਿੱਖੜ ਅੰਗ ਬਣ ਗਿਆ। ਸਦੀਆਂ ਤੱਕ ਰਿਸ਼ੀਆਂ-ਮੁਨੀਆਂ ਨੇ ਸੰਗੀਤ ਅਤੇ ਕਾਵਿ ਦੇ ਸੁਮੇਲ ਨਾਲ ਸੰਤਾਂ ਦਾ ਉਪਦੇਸ਼ ਕਰਦੇ ਹੋਏ ਇਸ਼ਟ ਦੀ ਸਾਧਨਾ ਕੀਤੀ ਅਤੇ ਉਸਦੀ ਪਰਮ ਸੱਤਾ ਨੂੰ ਅਨੁਭਵ ਕਰਨ ਲਈ ਯਤਨਸ਼ੀਲ ਰਹੇ। ਇਤਿਹਾਸ ਤੇ ਝਾਤ ਮਾਰੀਏ ਤਾਂ ਇਹ ਪਤਾ ਲੱਗਦਾ ਹੈ ਕਿ ਵੈਦਿਕ ਸੰਸਕ੍ਰਿਤੀ ਦੇ ਕਾਲ ਵਿੱਚ 'ਰਿਗਵੇਦ' ਅਤੇ 'ਸਾਮਵੇਦ' ਵਿੱਚ ਅੰਕਿਤ ਸੰਗੀਤਬੱਧ ਰਚਨਾਵਾਂ ਸੰਗੀਤ ਅਤੇ ਭਗਤੀ ਕਾਵਿ ਦੀ ਆਧਾਰਸ਼ਿਲਾ ਰਹੀਆਂ ਹਨ।

⇒ ਵੈਦਿਕ ਕਾਲ ਤੋਂ ਚੱਲ ਰਹੀ ਕੀਰਤਨ ਭਗਤੀ ਦੀ ਧਾਰਾ ਦਾ ਸਰੂਪ ਕਾਲ ਤੱਕ ਪ੍ਰਚਾਰ ਹੁੰਦਾ ਗਿਆ ਜਿਸਨੂੰ ਉਪਨਿਸ਼ਦ ਕਾਲ ਵੀ ਕਿਹਾ ਜਾਂਦਾ ਹੈ। ਉਸ ਸਮੇਂ ਦੇ ਗ੍ਰੰਥਾਂ ਵਿੱਚ 'ਸਾਮਗਾਨ' ਰੂਪੀ ਭਗਤੀਪੂਰਨ ਗਾਇਨ ਦਾ ਉਲੇਖ ਮਿਲਦਾ ਹੈ। ਸੰਗੀਤ ਦੀ ਉਤਪਤੀ ਤੋਂ 'ਸਾਮਵੇਦ' ਦਾ ਸਬੰਧ ਵੀ ਬਹੁਤ ਮਹੱਤਵਪੂਰਨ ਹੈ। ਇਹ ਰਿਗਵੇਦ ਦਾ ਸੰਗੀਤ-ਰੂਪਾਂਤਰ ਹੈ। ਸਾਮ ਦਾ ਅਰਥ 'ਉਸ' ਸ਼ਬਦ ਤੋਂ ਲੀਤਾ ਜਾਂਦਾ ਸੀ। ਵੈਦਿਕ ਕਾਲ ਵਿੱਚ ਸਾਮਗਾਨ ਨੂੰ ਪੂਰੇ ਸੱਤ ਸਵਰਾਂ ਵਿੱਚ ਗਾਇਨ ਸ਼ੁਰੂ ਕਰ ਦਿੱਤਾ ਗਿਆ ਸੀ।

"ਸਪਤ-ਸਵਰਾਸਤੁ ਗੀਯੰਤੇ ਸਾਮਭਿ: ਸਾਮਗੈਰਬੁਧੈ"[2]

ਰਾਮਾਇਣ ਅਤੇ ਮਹਾਂਭਾਰਤ ਕਾਲ ਦੇ ਧਾਰਮਿਕ ਗ੍ਰੰਥਾਂ ਵਿੱਚ ਸ੍ਰੀ ਰਾਮ ਅਤੇ ਸ੍ਰੀ ਕ੍ਰਿਸ਼ਨ ਜੀ ਦੀ ਮਹਿਮਾ ਰੂਪੀ ਭਗਤੀ-ਪੂਰਨ ਸਲੋਕਾਂ ਦੇ ਸੰਗੀਤਬੱਧ ਰੂਪਾਂ ਦੇ ਪ੍ਰਮਾਣ ਸਾਡੇ

1. ਡਾ. ਤ੍ਰਿ: ਦਵਿੰਦਰ, ਸੰਗੀਤ ਰੂਪ ਭਾਗ ਤੀਜਾ ਪੰਨਾ 4
2. ਮਾਂਡੂਕੇਯ ਸ਼ਿਕਸ਼ਾ

ਸਰਪ੍ਰਸਤ ਸਨ।

⇒ ਚੋਲ ਅਤੇ ਚੇਰ ਕਾਲ ਵਿੱਚ ਵੀ ਸੰਗੀਤ ਦਾ ਮਹੱਤਵਪੂਰਨ ਸਥਾਨ ਸੀ ਜਿਸਦਾ ਪ੍ਰਸਾਰ ਚੋਲ ਸ਼ਾਸਕਾਂ ਦੁਆਰਾ ਹੋਇਆ।

⇒ ਮੌਰੀਆ ਕਾਲ ਵਿੱਚ ਵੀ ਸੰਗੀਤ ਵਿੱਚ ਅਧਿਆਤਮਿਕ ਪੱਖ ਕਾਫੀ ਵਿਕਸਿਤ ਸੀ।

⇒ ਗੁਪਤ ਕਾਲ ਨੂੰ ਹਿੰਦੂ ਸੰਸਕ੍ਰਿਤੀ ਦਾ ਸੁਨਹਿਰੀ ਯੁੱਗ ਮੰਨਿਆ ਜਾਂਦਾ ਹੈ।

⇒ ਹਰਸ਼ਵਰਧਨ ਕਾਲ ਵਿੱਚ ਸੰਗੀਤ ਦਾ ਪ੍ਰਚਾਰ ਤੇ ਪਸਾਰ ਸੰਗੀਤ ਸਮਾਰੋਹਾਂ ਅਤੇ ਨਾਟਕਾਂ ਦੇ ਮਾਧਿਅਮ ਰਾਹੀਂ ਹੋਇਆ।

⇒ ਰਾਜਪੂਤ ਕਾਲ ਵਿੱਚ ਵੀ ਭਗਤੀ ਸੰਗੀਤ ਦਾ ਬਹੁਤ ਪ੍ਰਭਾਵ ਸੀ। ਇਸ ਕਾਲ ਵਿੱਚ ਰਾਧਾ-ਕ੍ਰਿਸ਼ਨ ਦੀਆਂ ਭਗਤੀਮਈ ਲੀਲਾਵਾਂ ਦਾ ਵਰਣਨ ਮਿਲਦਾ ਹੈ।

⇒ ਮੱਧਕਾਲ ਸੰਗੀਤ ਅਤੇ ਭਗਤੀ ਦਾ ਸਭ ਤੋਂ ਮਹੱਤਵਪੂਰਨ ਕਾਲ ਸੀ। ਇਸਨੂੰ ਇਤਿਹਾਸਕਾਰਾਂ ਨੇ ਸੰਗੀਤ ਦਾ ਸੁਨਹਿਰੀ ਯੁੱਗ ਅਤੇ ਭਗਤੀ ਅੰਦੋਲਨ ਦਾ ਕਾਲ ਕਿਹਾ ਹੈ। ਇਸ ਕਾਲ ਵਿੱਚ ਸੰਗੀਤ ਅਤੇ ਭਗਤੀ ਕਾਵਿ ਦਾ ਇੱਕ ਅਟੁੱਟ ਸੰਬੰਧ ਸਥਾਪਿਤ ਹੋਇਆ। ਇਸ ਸਮੇਂ ਭਗਤੀ ਕਾਵਿ ਦੇ ਰੂਪ ਆਦਿ ਰੂਪ ਦੀ ਸ਼ਕਲ ਵਿੱਚ ਆਏ ਜਿੰਨ੍ਹਾਂ ਨੂੰ ਲੋਕ-ਸੰਗੀਤ ਦਾ ਸਹਾਰਾ ਮਿਲਣ ਨਾਲ ਇਹ ਸਾਧਾਰਨ ਜਨ ਜੀਵਨ ਅਤੇ ਸੰਸਕ੍ਰਿਤੀ ਦਾ ਅੰਗ ਬਣ ਗਏ।
ਸਮੇਂ ਦੀ ~~ਤਾਲ~~ ਨਾਲ ਸੰਗੀਤ ਅਤੇ ਕਾਵਿ ਰੂਪਾਂ ਵਿੱਚ ਵੀ ਬਦਲਾਅ ਆਏ ਅਤੇ ਸੰਸਕ੍ਰਿਤ ਭਾਸ਼ਾ ਤੋਂ ਹਿੰਦੀ ਭਗਤੀ ਕਾਵਿ ਦਾ ਆਗਮਨ ਹੋਇਆ।

ਸੰਨ 1500 ਈ: ਦੇ ਲਗਭਗ ਸਵਾਮੀ ਹਰਿਦਾਸ ਜੀ ਹੋਏ ਜਿਨ੍ਹਾਂ ਨੇ ਭਗਤੀ ਦੇ ਖੇਤਰ ਵਿੱਚ ਵੇਦ-ਤਾਲ ਦੀਆਂ ਧੀਆਂ ਨੂੰ ਲੈ ਕੇ ਭਗਤੀ ਨੂੰ ਸਮਾਜ ਦੇ ਹਰ ਵਰਗ ਲਈ ਸਾਧਨ ਯੋਗ ਬਣਾ ਦਿੱਤਾ। ਸਾਧਨ-ਹੀਣ ਨੂੰ ਅਨੇਕ ਦੇਵ ਵਾਲਾ ਕੀਰਤਨ ਜਿਨ੍ਹਾਂ ਭਗਤ ਕਵੀਆਂ ਨੂੰ ਪ੍ਰੇਰਿਤ ਕੀਤਾ ਸੀ। ਇਨ੍ਹਾਂ ਦੇ ਸਮਕਾਲੀ ਵਿਚੋਂ ਹੀ ਕਿਸਨਦਾਸ ਸੀ ਅਤੇ ਉਹ ਸੀ ਭਗਤੀ ਕਾਵਿ ਦੇ ਸ੍ਰੇਸ਼ਟ ਸਾਧਕਾਂ ਦਾ ਕੀਰਤਨ ਕਰਨਾ। ਸੰਤ ਸੂਰ-ਕਾਵਿ ਦਾ ਰੰਗ ਵਿਚ ਪਾਰੰਪਰਿਕ ਅਤੇ ਸ਼ਾਸਤਰੀ ਹੀ ਮਿਲਦਾ ਹੈ।
ਸੁਰਤੀ ਨੇ ਕਿਹਾ ਹੈ,

"ਵੈਸ਼ਨਵਾਂ ਦੇ ਸਵਾਮੀ ਵਿਚ ਜਿਹੀ ਭਗਤੀ ਅਰਪਣ ਨਾਲ ਪੂਜਦੇ ਹੁੰਦੇ ਹਨ, ਉਹੀ ਭਗਤੀ ਤਾਂ ਸੰਗ, ਰਾਸ ਆਦਿ ਨਾਲ ਵੀ ਕਰਦੇ ਹਨ,"।[1]

ਸਪ੍ਰਦਾਇ ਸਰਸਵਤੀ ਜੀ ਨੇ "ਭਗਤੀ ਰਸਾਮ੍ਰਿਤ" ਗ੍ਰੰਥ ਵਿੱਚ ਭਗਤੀ ਦੇ ਅਲੌਕਿਕ ਸਰੂਪ ਦਾ ਵਿਸ਼ਲੇਸ਼ਣ ਕਰਦੇ ਹੋਏ ਉਸਨੂੰ ਰਸਾਂ ਦਾ ਰਾਜਾ ਕਿਹਾ ਹੈ ਅਤੇ ਉਸਨੂੰ ਸਾਰੇ ਰਸਾਂ ਤੋਂ ਉੱਤਮ ਮੰਨਿਆ ਹੈ। ਭਗਤੀ ਰਸ ਦੀ ਸਰਵੋਤਮਤਾ ਅਤੇ ਉਸਦਾ ਮਹੱਤਵ ਭਾਰਤ-ਗੀਤਾ ਵਿੱਚ ਥਾਂ-ਥਾਂ ਤੇ ਦਰਸਾਇਆ ਗਿਆ ਹੈ।
'ਨਾਰਦ ਭਗਤੀ ਸੂਤਰ' ਵਿੱਚ ਭਗਤੀ ਨੂੰ 'ਪ੍ਰੇਮ ਸਰੂਪਾ' ਕਿਹਾ ਗਿਆ ਹੈ।[2]

## 1.3 ਭਾਰਤੀ ਭਗਤੀ ਸੰਗੀਤ ਦੀ ਧਾਰਾ ਵਜੋਂ ਗੁਰਬਾਣੀ ਸੰਗੀਤ ਦੀ ਪਰੰਪਰਾ

ਧਰਮ ਅਤੇ ਸੰਗੀਤ ਦਾ ਗੂੜ੍ਹਾ ਸੰਬੰਧ ਹੈ ਅਤੇ ਸੰਸਾਰ ਦੇ ਪ੍ਰਾਇ: ਸਾਰੇ ਧਰਮਾਂ ਵਿੱਚ ਸੰਗੀਤ ਦੀ ਪਰੰਪਰਾ ਵੀ ਦੇਖਣ ਨੂੰ ਮਿਲਦੀ ਹੈ। ਇਸੇ ਹੀ ਪਰੰਪਰਾਗਤ ਧਾਰਾ ਦੇ ਅੰਤਰਗਤ ਗੁਰਬਾਣੀ ਸੰਗੀਤ। ਕੀਰਤਨ ਦੀ ਧਾਰਾ ਭਾਰਤ (ਪੰਜਾਬ)

1. ਭਕ੍ਤਿਸੰਗੀਤ ਅੰਕ, ਜਨਵਰੀ, 1970
2. ਉਹੀ

ਵਿੱਚ 15ਵੀਂ ਸਦੀ ਵਿੱਚ ਦੇਸ਼ ਨੂੰ ਜਿਹੀ ਗੁਰਬਾਣੀ ਕੀਰਤਨ ਪਰੰਪਰਾ ਦੀ ਸ਼ੁਰੂਆਤ ਸਿੱਖ ਧਰਮ ਦੇ ਬਾਨੀ, ਸੰਸਥਾਪਕ ਅਤੇ ਸਿੱਖਾਂ ਦੇ ਪਹਿਲੇ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਉਚਾਰਨ ਕਰੀ ਹੋਈ ਬਾਣੀ ਉਚਾਰਨ ਕੀਤੀ ਜੋ ਕਿ ਰਾਗਬੱਧ ਹੈ ਅਤੇ ਇਸ ਬਾਣੀ ਨੂੰ ਉਹ 'ਖਸਮ ਦੀ ਬਾਣੀ' ਜਾਂ 'ਧੁਰ ਕੀ ਬਾਣੀ' ਆਖਦੇ ਹਨ। ਪ੍ਰਗਟਨ ਪ੍ਰਮਾਣਸ਼ੀ ਵਿੱਚ ਗੁਰੂ ਸਾਹਿਬ ਮਰਦਾਨੇ ਨੂੰ ਆਖਦੇ ਹਨ:—

"ਮਰਦਾਨਿਆ ਸ਼ਬਦ ਕੀਤਿ ਕਰ, ਤਉ ਬਾਣੂ ਰ
ਬਾਣੀ ਸਹਿ ਦਾਤੀ ਆਵਦੀ, ਮਰਦਾਨਿਆ ਰਬਾਬ ਵਜਾਇ," [1]

'ਧੁਰ ਕੀ ਬਾਣੀ' ਦਾ ਗਾਇਨ ਕਰਦੇ ਸਮੇਂ ਹੀ ਸ੍ਰੋਤਿਆਗਣ ਨਿਤੇ ਗੁਰੂ ਬਾਬੇ ਦੇ ਦੁਆਲੇ ਇਕੱਤਰ ਹੋ ਜਾਂਦੇ ਸਨ।

ਸਧਾਰਨ ਅਰਥਾਂ ਵਿੱਚ ਕੀਰਤਨ, ਸ਼ਬਦ ਕੀਰਤਨ, ਗੁਰਬਾਣੀ ਸੰਗੀਤ ਜਾਂ ਕਿਤੇ-ਕਿਤੇ ਸਿੱਖ ਸੰਗੀਤ ਨੂੰ ਗੁਰਮਤਿ ਸੰਗੀਤ ਦੇ ਸਮਾਨਾਰਥੀ ਸ਼ਬਦਾਂ ਵਜੋਂ ਵਰਤ ਲਿਆ ਜਾਂਦਾ ਹੈ। ਪਰ ਕੇਵਲ ਸੰਗੀਤ ਵਿਧਾਨ ਦੇ ਬਹੁਰੂਪੀ, ਬਹੁਪੱਖੀ ਅਤੇ ਬਹੁਦਿਸ਼ਾਵੀ ਪਸਾਰਾਂ ਦਾ ਸ਼ਬਦ-ਕੀਰਤਨ ਦੇ ਸੰਦਰਭ ਵਿੱਚ ਅਧਿਐਨ ਕਰੀਏ ਤਾਂ ਇਸਦਾ ਨਿਆਰਾ ਰੂਪ ਗੁਰਮਤਿ ਸੰਗੀਤ ਦੀ ਪ੍ਰਬਲਿਤ ਅਤੇ ਪ੍ਰਮਾਣਿਕ ਸਾਬਤ ਹੈ। ਇਸ ਤਰ੍ਹਾਂ ਗੁਰਮਤਿ ਸੰਗੀਤ ਨੂੰ ਗੁਰਬਾਣੀ ਸੰਗੀਤ ਸ਼ਾਸਤਰ ਦੇ ਆਧਾਰ ਤੇ ਸੁਤੰਤਰ ਤੌਰ ਤੇ ਵਿਗਿਆਨ ਅਰਥੀ ਸ਼ਬਦ 'ਸਿੱਖ ਸੰਗੀਤ ਵਿਗਿਆਨ' (Sikh Musicology) ਦੇ ਅਰਥਾਂ ਵਿੱਚ ਪ੍ਰਗਟ ਕਰਨਾ ਲੋੜੀਦਾ ਹੈ।[2]

1.3.1 ਗੁਰਮਤਿ ਸੰਗੀਤ ਦਾ ਅਰਥ

ਜਿਵੇਂ ਕਿ ਨਾਮ ਤੋਂ ਹੀ ਸਪਸ਼ਟ ਹੈ 'ਗੁਰ-ਮਤਿ' ਅਰਥਾਤ ਗੁਰੂ ਦੁਆਰਾ ਦਿੱਤੀ ਗਈ ਮਤ/ਸਿਖਿਆ; ਗੁਰਮਤਿ ਸੰਗੀਤ ਅਰਥਾਤ ਗੁਰੂ ਦੇ ਦਿੱਤੇ ਗਏ ਸਿਧਾਂਤ ਤੋਂ ਸਿਰਜਿਆ ਗਿਆ ਸੰਗੀਤ।[3]

1. ਸਿੰਘ ਡਾ: ਗੁਰਨਾਮ, ਗੁਰਮਤਿ ਸੰਗੀਤ: ਪਰਬੰਧ ਤੇ ਪਾਸਾਰ ਪੰਨਾ 2
2. ਉਹੀ, ਪੰਨਾ 1
3. ਉਹੀ, ਪੰਨਾ 1

ਵਰਤਮਾਨ ਸਮੇਂ ਵਿੱਚ ਗੁਰਮਤਿ ਸੰਗੀਤ ਦਾ ਇਹ ਸਿਧਾਂਤ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ (ਸਿੱਖਾਂ ਦੇ ਮੌਜੂਦਾ ਗੁਰੂ) ਦੇ ਗੁਰੂ ਰੂਪ ਤੋਂ ਪ੍ਰਾਪਤ ਹੋਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸ਼ਬਦ ਕੀਰਤਨ ਦੇ ਪਸਾਰ ਲਈ ਅਪਣਾਈ ਗਈ ਪ੍ਰਗਤ, ਵੇਂਦੀ ਪ੍ਰਗਤ ਬਣ ਗਈ।

## 1.3.2 ਗੁਰਮਤਿ ਸੰਗੀਤ ਵਿੱਚ ਵਰਤੇ ਗਏ ਸੰਕੇਤ

ਗੁਰਮਤਿ ਸੰਗੀਤ ਦੇ ਆਧਾਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਗਾਇਨ ਹਿਤ ਸਿਰਲੇਖ ਰੂਪ ਵਿੱਚ ਵੱਖ-ਵੱਖ ਗਾਇਨ ਰੂਪ ਵਿਸ਼ੇਸ਼ੀਕ੍ਰਿਤ ਹੋਏ ਹਨ ਜਿਹੜੇ ਕਿ ਬਾਣੀ ਵਿਧਾਨ ਦੇ ਅੰਤਰਗਤ ਸ਼ਾਮਲ ਰੂਪ ਵਿੱਚ ਵੱਖ-ਵੱਖ ਸ਼ਾਸਤਰੀ ਅਤੇ ਲੋਕ ਗਾਇਨ ਰੂਪਾਂ ਦੁਆਰਾ ਜਾਣੇ ਜਾਂਦੇ ਹਨ। ਗੁਰਮਤਿ ਸੰਗੀਤ ਦੀ ਵਿਲੱਖਣਤਾ ਤੋਂ ਵੇਖੀਏ ਤਾਂ ਇਹਨਾਂ ਲੋਕ/ਗਾਇਨ ਰੂਪਾਂ ਨੂੰ ਰਾਗ, ਜਾਤਾ, ਘਰ, ਪ੍ਰਸੀ, ਰਹਾਉ, ਆਦਿ ਸੰਕੇਤਾਂ ਦੁਆਰਾ ਨਿਰਦੇਸ਼ਿਤ ਕੀਤਾ ਗਿਆ ਹੈ। ਇਹ ਸੰਕੇਤ ਇਹਨਾਂ ਗਾਇਨ ਰੂਪਾਂ ਦਾ ਗਾਇਨ ਵਿਧਾਨ ਨਿਸ਼ਚਿਤ ਕਰਦੇ ਹਨ ਅਤੇ ਇਹਨਾਂ ਦੇ ਅਨੁਸਾਰ ਹੋ ਕੇ ਹੀ ਗੁਰਮਤਿ ਸੰਗੀਤ ਦੀ ਵਿਸ਼ੇਸ਼ ਗਾਇਨ ਸ਼ੈਲੀ ਦੀ ਪ੍ਰਗਤੀ ਹੁੰਦੀ ਹੈ। ਇਹ ਗਾਇਨ ਰੂਪ ਆਪੋ-ਆਪਣੀ ਸੰਗੀਤਕ ਵਿਸ਼ੇਸ਼ਤਾ ਦੇ ਧਾਰਨੀ ਹੁੰਦੇ ਹਨ। ਜੋ ਇਹਨਾਂ ਨੂੰ ਗਾਇਨ ਦੇ ਪੱਧਰ ਤੇ ਇਕ-ਦੂਜੇ ਤੋਂ ਵੱਖਰਾ ਤੇ ਵਿਲੱਖਣ ਬਣਾਉਂਦਾ ਹੈ। ਇਹਨਾਂ ਗਾਇਨ ਸ਼ੈਲੀਆਂ ਦਾ ਮੂਲ ਉਦੇਸ਼ ਸੰਗੀਤ ਦੀ ਕਲਾਤਮਕ ਪੇਸ਼ਕਾਰੀ ਨਾ ਹੋ ਕੇ ਗੁਰਮਤਿ ਸੰਗੀਤ ਵਿਧਾਨ ਦੇ ਅਧੀਨ ਸ਼ਬਦ ਗੁਰੂ ਦੇ ਸੰਦੇਸ਼ ਦਾ ਸੰਚਾਰ ਕਰਨਾ, ਮਨੁੱਖੀ ਮਨ ਵਿੱਚ ਬਾਣੀ ਦੇ ਅਧਿਆਤਮਕ ਬੋਧ ਅਤੇ ਸੱਚ ਦਾ ਪ੍ਰਕਾਸ਼ ਕਰਨਾ ਹੈ।[1]

## 1.3.3 ਗੁਰਬਾਣੀ ਦਾ ਰਾਗਾਤਮਕ ਸੰਕਲਨ ਅਤੇ ਸੰਪਾਦਨ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਾਤਮਕ ਸੰਪਾਦਨਾ ਸਿੱਖਾਂ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤੀ। ਇਸ ਗ੍ਰੰਥ ਦੀ ਸੰਪਾਦਨਾ ਵਿੱਚ ਜਗ੍ਹਾ-ਜਗ੍ਹਾ ਜਿਸ ਤਰ੍ਹਾਂ ਦੇ

1. ਦੇਓ, ਅਜੀਤਪਾਲ ਡਾ: ਗੁਰਮਿੰਦਰ ਵਿਗਿਆਨ ਪੱਤਰ (2010) ਸੰਗੀਤਕ ਗਾਇਨ ਸ਼ੈਲੀਆਂ, ਵਿਭਾਗ ਅਤੇ ਪੰਜਾਬ

ਦੇ ਸੰਕੇਤ ਵਰਤੇ ਗਏ ਹਨ ਕਿ ਸਾਰੀ ਬਾਣੀ ਨਾਲ ਕਿਸੇ ਵੀ ਤਰ੍ਹਾਂ ਦੀ ਛੇੜਛਾੜ ਨਹੀਂ ਕੀਤੀ ਜਾ ਸਕਦੀ। ਇਹ ਸਭ ਗੁਰੂ ਸਾਹਿਬ ਦੀ ਅਦੁੱਤੀ ਜੁਗਤ, ਉਦਾਰ ਅਤੇ ਪ੍ਰਭੂ ਭਗਤੀ ਅਤੇ ਵਿਸ਼ਵਾਸ ਦਾ ਨਤੀਜਾ ਸੀ। ਇਸ ਕਾਰਜ ਨੂੰ ਕਰਨ ਲਈ ਉਹਨਾਂ ਨੂੰ 1601 ਈ: ਤੋਂ 1604 ਈ: ਤੱਕ, 4 ਸਾਲ ਦਾ ਸਮਾਂ ਲੱਗਿਆ। ਉਹਨਾਂ ਨੇ ਇਹ ਬਾਣੀ ਭਾਈ ਗੁਰਦਾਸ ਜੀ ਤੋਂ ਲਿਖਵਾਈ।

1.3.4 ਗੁਰਬਾਣੀ ਦੇ ਰਚਨਾਕਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ 6 ਗੁਰੂ ਸਾਹਿਬਾਨ, 15 ਭਗਤਾਂ, 11 ਭੱਟਾਂ ਅਤੇ 4 ਗੁਰਸਿੱਖਾਂ ਦੀ ਬਾਣੀ ਅੰਕਿਤ ਹੈ। ਗੁਰੂ ਸਾਹਿਬ ਨੇ ਭਗਤ ਕਵੀਆਂ, ਬਾਬਾ ਫਰੀਦ, ਭਗਤ ਜੈਦੇਵ (12ਵੀਂ ਸ਼ਤਾਬਦੀ), ਭਗਤ ਕਬੀਰ (1398 ਈ: 1493 ਈ:), ਭਗਤ ਤ੍ਰਿਲੋਚਨ, ਭਗਤ ਨਾਮਦੇਵ (1270ਈ -1350ਈ:), ਭਗਤ ਸਧਨਾ, ਭਗਤ ਰਵਿਦਾਸ (1376ਈ:), ਭਗਤ ਰਾਮਾਨੰਦ (1366 ਈ: -1467 ਈ:), ਸੈਣ ਭਗਤ, ਭਗਤ ਧੰਨਾ (1426ਈ:), ਭਗਤ ਪੀਪਾ (1416ਈ:) ਅਤੇ ਭਾਈ ਮਰਦਾਨਾ ਆਦਿ ਦੀਆਂ ਰਚਨਾਵਾਂ ਦਰਜ ਕੀਤੀਆਂ। ਇਸ ਗ੍ਰੰਥ ਵਿੱਚ ਸੰਪਾਦਿਤ ਬਾਣੀ ਦਾ ਵਡੇਰਾ ਹਿੱਸਾ ਰਾਗਬੱਧ ਹੈ। ਕੁਝ ਕੁ ਬਾਣੀਆਂ ਇਹਨਾਂ ਰਾਗਾਂ ਤੋਂ ਬਾਹਰ ਹਨ ਜਿਵੇਂ ਕਿ ਜਪੁਜੀ ਸਾਹਿਬ ਅਤੇ ਸਲੋਕ ਸਹਸਕ੍ਰਿਤੀ ਆਦਿ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀਆਂ ਵਿੱਚ ਬਹੁਤ ਸਾਰੀਆਂ ਖੇਤਰੀ ਭਾਸ਼ਾਵਾਂ ਦਾ ਮਿਸ਼ਰਣ ਮਿਲਦਾ ਹੈ। ਜਿਵੇਂ ਕਿ ਪੰਜਾਬੀ, ਹਿੰਦੀ, ਬ੍ਰਜ ਭਾਸ਼ਾ, ਫ਼ਾਰਸੀ, ਸੰਸਕ੍ਰਿਤ, ਮਰਾਠੀ ਆਦਿ। ਭਾਸ਼ਾਵਾਂ ਦੇ ਨਾਲ-ਨਾਲ ਬਹੁਤ ਸਾਰੇ ਵੱਖ-ਵੱਖ ਗਾਇਨ ਰੂਪ ਵੀ ਮਿਲਦੇ ਹਨ ਜਿਵੇਂ ਕਿ ਸ਼ਾਸਤਰੀ ਅਤੇ ਲੋਕ ਗਾਇਨ ਰੂਪਾਂ ਦੇ ਧਾਰਨੀ ਹਨ।

## 1.3.5 ਗੁਰਬਾਣੀ ਦੇ ਵੱਖ-ਵੱਖ ਗਾਇਨ ਰੂਪ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੰਗੀਤਕ ਬਾਣੀ ਦੇ ਗਾਇਨ ਹਿਤ ਪਦੇ (ਪਦੁਪਦ), ਅਸ਼ਟਪਦੀ ਅਤੇ ਪੜਤਾਲ ਆਦਿ ਗਾਇਨ ਰੂਪ ਸ਼ਾਸਤਰੀ ਅੰਗ ਦੇ ਗਾਇਨ ਰੂਪ ਹਨ। ਇਸ ਤੋਂ ਇਲਾਵਾ ਲੋਕ ਸੰਗੀਤਕ ਵਿਧਾਨ ਦੇ ਅਧੀਨ ਅਲਾਹੁਣੀ, ਵਾਰ, ਘੋੜੀਆਂ, ਆਰਤੀ, ਅੰਜੁਲੀ ਸਦੁ, ਸੋਹਿਲਾ, ਕਰਹਲੇ, ਰੁਤੀ ਥਿਤੀ, ਛੰਤ ਅਤੇ ਪਟੀ ਆਦਿ ਗਾਇਨ ਰੂਪ ਆਉਂਦੇ ਹਨ। ਇਸ ਤੋਂ ਇਲਾਵਾ ਆਸ਼ਰਨ ਰੂਪ ਹੋਰ ਗਾਇਨ ਰੂਪ ਸਾਰੇ ਪੁਰਾਤਨ ਰੀਤਾਂ ਤੇ ਆਧਾਰਿਤ ਹੀ ਸੁਣਨ ਨੂੰ ਮਿਲਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤ ਵਿੱਚ ਇਕ ਰਚਨਾ ਸ਼ਾਸਤਰੀ ਰਾਗਾਂ ਨਾਲ ਸੰਬੰਧਿਤ ਹੀ ਮਿਲਦੀ ਹੈ ਜਿਸਦਾ ਸਿਰਲੇਖ ਰਾਗ ਮਾਲਾ ਹੈ। ਇਹ ਮਾਲਾ ਗ੍ਰੰਥ ਨਾਲ ਰੂਪ ਵਿੱਚ ਸੁਰਜੀਤ ਲਿਖੀ ਹੋਈ ਹੈ।

★ ਅਧਿਆਇ – ਦੂਜਾ

## ਖੋਜ ਪ੍ਰਯੋਜਨਾ

ਕਿਸੇ ਵੀ ਖੋਜ ਕਾਰਜ ਨੂੰ ਸਫਲਤਾ ਪੂਰਵਕ ਕਰਨ ਦੇ ਲਈ ਕਿਸੇ ਵਿਸ਼ੇਸ਼ ਵਿਧੀ ਦੀ ਵਰਤੋਂ ਕੀਤੀ ਜਾਂਦੀ ਹੈ। ਸਹੀ ਖੋਜ ਵਿਧੀ ਹੀ ਖੋਜ-ਕਾਰਜ ਨੂੰ ਸਫ਼ਲ ਤੌਰ ਪਹੁੰਚਾਉਣ ਵਿੱਚ ਮਦਦਗਾਰ ਸਾਬਿਤ ਹੁੰਦੀ ਹੈ। ਖੋਜ ਕਾਰਜਾਂ ਦੇ ਅਨੁਕੂਲ ਹੀ ਖੋਜ ਵਿਧੀ ਦੀ ਵਰਤੋਂ ਕਰਕੇ ਅਤੇ ਵਿਸ਼ੇ ਵਿਸ਼ੇਸ਼ ਨਾਲ ਸੰਬੰਧਿਤ ਸਮੱਗਰੀ ਇਕੱਠੀ ਕਰਕੇ ਖੋਜ-ਕਾਰਜ ਨੂੰ ਸੰਪੂਰਨਤਾ ਪ੍ਰਦਾਨ ਕੀਤੀ ਜਾਂਦੀ ਹੈ।

### 2.1 ਸਮੱਸਿਆ ਕਥਨ

ਗੁਰਬਾਣੀ ਕੀਰਤਨ ਦੇ ਪ੍ਰਗਟਨ ਅਤੇ ਆਧੁਨਿਕ ਵੱਖ-ਵੱਖ ਰੂਪਾਂ ਦਾ ਅਧਿਐਨ

### 2.2 ਖੋਜ ਦਾ ਉਦੇਸ਼

ਪ੍ਰਸਤੁਤ ਕਾਰਜ ਖੋਜ ਦਾ ਉਦੇਸ਼ ਗੁਰਬਾਣੀ ਕੀਰਤਨ ਦੇ ਪ੍ਰਗਟਨ ਅਤੇ ਆਧੁਨਿਕ ਵੱਖ-ਵੱਖ ਰੂਪਾਂ ਦਾ ਅਧਿਐਨ ਕਰਨਾ ਹੈ। ਇਸ ਲਈ ਇਸ ਵਿਸ਼ਾ ਵਿੱਚ ਗੁਰਬਾਣੀ ਗਾਇਨ ਦੇ ਵੱਖ-ਵੱਖ ਰੂਪਾਂ ਜਿਵੇਂ ਕਿ ਸ਼ਾਸਤਰੀ ਗਾਇਨ ਰੂਪਾਂ ਅਧੀਨ ਅਸਟਪਦੀਆਂ, ਪੜਤਾਲ, ਸਲੋਕ ਆਦਿ, ਲੋਕ ਸੰਗੀਤ ਗਾਇਨ ਰੂਪਾਂ ਅਧੀਨ ਵਾਰਾਂ, ਘੋੜੀਆਂ, ਆਰਤੀ, ਅੰਜੁਲੀ, ਸਦ, ਸੋਹਿਲਾ, ਕਰਹਲੇ ਅਤੇ ਇਸਤੋਂ ਇਲਾਵਾ ਕਈ ਹੋਰ ਗੁਰਬਾਣੀ ਗਾਇਨ ਦੇ ਪ੍ਰਕਾਰ ਜਿਹੜੇ, ਕਿ ਕੇਵਲ ਇਸ ਨਾਲ ਸ੍ਰੋਤਿਆਂ ਨੂੰ ਗੁਰਬਾਣੀ ਨਾਲ ਜੋੜਦੇ ਹਨ, ਦੇ ਸਰੂਪ ਅਤੇ ਸਰੋਕਾਰ ਤੋਂ ਜਾਣੂ ਹੋਣਾ ਹੈ ਤਾਂ ਕਿ ਦੂਸਰਿਆਂ ਨੂੰ ਵੀ ਇਸ ਜਾਣਕਾਰੀ ਤੋਂ

ਲਾਭ ਪ੍ਰਾਪਤ ਹੋ ਸਕੇ।

## 2.3 ਖੋਜ ਦਾ ਮਹੱਤਵ

ਗੁਰਬਾਣੀ ਕੀਰਤਨ ਦੇ ਵੱਖ-ਵੱਖ ਰੂਪਾਂ ਦੇ ਸੰਮੇਲਨ ਨੂੰ ਪ੍ਰਸਤੁਤ ਕਰਨਾ ਇਸ ਲਘੂ ਖੋਜ ਪ੍ਰਯੋਜਨਾ ਦਾ ਮਹੱਤਵ ਹੈ। ਇਸ ਲਘੂ ਖੋਜ ਨਾਲ ਸੰਗੀਤ ਦੇ ਪ੍ਰਤੀ ਜਾਗਰੂਕਤਾ ਵਧੇਗੀ ਅਤੇ ਗੁਰਬਾਣੀ ਕੀਰਤਨ ਦੀਆਂ ਵਿਧੀਆਂ ਦੇ ਪ੍ਰਤੀ ਗਿਆਨ ਵਿੱਚ ਵਾਧਾ ਹੋਵੇਗਾ।

## 2.4 ਖੋਜ ਵਿਧੀ

ਇਸ ਲਘੂ ਖੋਜ ਨੂੰ ਪੂਰਨ ਕਰਨ ਦੇ ਲਈ ਵਿਆਖਿਆਤਮਕ ਅਤੇ ਇਤਿਹਾਸਕ ਵਿਧੀਆਂ ਅਤੇ ਸ੍ਰੋਤਾਂ ਦੀ ਵਰਤੋਂ ਕੀਤੀ ਗਈ ਹੈ।

## 2.5 ਤੱਥ ਸੰਕਲਨ

ਪ੍ਰਸਤੁਤ ਖੋਜ-ਕਾਰਜ ਦੇ ਤੱਥ ਸੰਕਲਨ ਦੇ ਲਈ ਮੁੱਢਲੇ ਅਤੇ ਸਹਾਇਕ, ਦੋਹਾਂ ਕਿਸਮਾਂ ਦੇ ਸ੍ਰੋਤਾਂ ਦੀ ਵਰਤੋਂ ਕੀਤੀ ਗਈ ਹੈ। ਮੁੱਢਲੇ ਸ੍ਰੋਤਾਂ ਅਧੀਨ ਮੈਂ ਆਪਣੇ ਅਧਿਆਪਕਾਂ ਅਤੇ ਸਹਿਪਾਠੀਆਂ ਨਾਲ ਵਿਚਾਰ-ਵਟਾਂਦਰਾ ਅਤੇ ਚਰਚਾ ਕੀਤੀ ਹੈ।

ਸਹਾਇਕ ਸ੍ਰੋਤਾਂ ਦੇ ਅਧੀਨ ਪੁਸਤਕਾਂ, ਪਤ੍ਰਿਕਾਵਾਂ, ਇੰਟਰਨੈੱਟ, ਯੂ-ਟਿਊਬ, ਆਡੀਓ-ਵੀਡੀਓ ਰਿਕਾਰਡਿੰਗਜ਼ ਅਤੇ ਅਖ਼ਬਾਰਾਂ ਆਦਿ ਵਰਗੇ ਵੱਖ-ਵੱਖ ਸ੍ਰੋਤਾਂ ਦੁਆਰਾ ਤੱਥ-ਸੰਕਲਨ ਦੇ ਕਾਰਜ ਨੂੰ ਪੂਰਾ ਕੀਤਾ ਗਿਆ ਹੈ।

2.6 ਸੀਮਾਂਕਣ

ਕਿਸੇ ਵੀ ਖੋਜ-ਕਾਰਜ ਦਾ ਸੀਮਾਂਕਣ ਕਰਨਾ ਜ਼ਰੂਰੀ ਹੁੰਦਾ ਹੈ ਤਾਂ ਕਿ ਨਿਰਧਾਰਤ ਹੋਏ ਦਿੱਤੇ ਗਏ ਸਮੇਂ ਵਿੱਚ ਨਿਰਧਾਰਿਆਂ ਉਦੇਸ਼ਿਆਂ ਕਾਰਜ ਕੀਤਾ ਜਾ ਸਕੇ। ਵੈਸੇ ਤਾਂ ਸੰਗੀਤ ਦਾ ਖੇਤਰ ਬਹੁਤ ਅਪਾਰ ਸਮੁੰਦਰ ਦੀ ਨਿਆਈਂ ਹੈ। ਪਰ ਸਮੇਂ ਨੂੰ ਧਿਆਨ ਵਿੱਚ ਰੱਖਦੇ ਹੋਏ ਗੁਰਬਾਣੀ ਕੀਰਤਨ ਦੇ ਪ੍ਰਗਟਨ ਅਤੇ ਆਧੁਨਿਕ ਰੂਪ ਦੇ ਨਮੂਨਿਆਂ ਦੇ ਨੂੰ ਆਧਾਰ ਵੇਰਵੇ ਦਿੱਤੇ ਗਏ ਹਨ।

## ਅਧਿਆਇ - ਤੀਜਾ - ਗੁਰਬਾਣੀ ਸੰਗੀਤ ਦੇ ਪ੍ਰਗਟਨ ਅਤੇ ਆਧੁਨਿਕ ਗਾਇਨ ਰੂਪ

### 3.1 ਗੁਰਬਾਣੀ ਕੀਰਤਨ ਦੇ ਅੰਤਰਗਤ ਸ਼ਾਸਤਰੀ ਅੰਗ ਦੇ ਗਾਇਨ ਰੂਪ

ਗੁਰਮਤਿ ਸੰਗੀਤ ਦੇ ਪ੍ਰਸਤੁਤੀਕਰਨ ਵਿੱਚ ਗਾਇਨ ਰੂਪ ਅਹਿਮ ਭੂਮਿਕਾ ਨਿਭਾਉਂਦੇ ਹਨ। ਜਿਨ੍ਹਾਂ ਵਿੱਚ ਸ਼ਬਦ ਗਾਇਨ ਦੀ ਪ੍ਰਸਤੁਤੀ ਸ਼ਬਦ-ਮੁਖੀ ਹੈ, ਪਰ ਸਾਧਾਰਨ ਪ੍ਰਸਤੁਤੀ ਸੰਗੀਤਮਈ ਹੈ। ਸ਼ਬਦ ਗਾਇਨ ਦਾ ਉਦੇਸ਼ ਸਰੋਤਿਆਂ ਨੂੰ ਪ੍ਰਭੂ ਭਗਤੀ ਦੇ ਮਾਰਗ ਵੱਲ ਲੈ ਜਾਣਾ ਅਤੇ ਅਧਿਆਤਮ ਦੇ ਰੰਗ ਵਿੱਚ ਲੀਨ ਕਰਨਾ ਹੈ। ਸ਼ਾਸਤਰੀ ਅੰਗ ਦੇ ਅਧੀਨ ਭਿੰਨ ਭਿੰਨ ਪ੍ਰਕਾਰ ਮਿਲਦੇ ਹਨ। ਜਿਵੇਂ ਕਿ:-

- **ਅਸ਼ਟਪਦੀਆਂ:-**

ਗੁਰਮਤਿ ਸੰਗੀਤ ਵਿੱਚ ਅਸ਼ਟਪਦੀਆਂ ਦਾ ਗਾਇਨ, ਪ੍ਰਬੰਧ ਗਾਇਨ ਦੇ ਅੰਤਰਗਤ ਹੈ। ਪ੍ਰਬੰਧ ਗਾਇਨ ਤੋਂ ਪਦ੍ਪਦ ਗਾਇਨ ਦਾ ਵਿਕਾਸ ਹੋਇਆ ਜਿਸ ਵਿੱਚ ਭਗਤੀ ਪ੍ਰਧਾਨ ਪਦ ਰਚਨਾਵਾਂ ਹਨ। ਮੱਧਕਾਲ ਦੇ ਭਗਤ ਕਵੀਆਂ ਵਿੱਚ ਭਗਤ ਕਬੀਰ, ਸੂਰਦਾਸ ਵਰਗੇ ਹੋਏ ਜੋ ਪਦ੍ਪਦ ਗਾਇਨ ਸ਼ੈਲੀ ਦੇ ਮੋਢੀ ਮੰਨੇ ਹਨ। ਗੁਰਮਤਿ ਸੰਗੀਤ ਵਿੱਚ ਪਦ੍ਪਦ ਅੰਗ ਦੀਆਂ ਕਈ ਰਚਨਾਵਾਂ ਹਨ ਜਿਨ੍ਹਾਂ ਵਿੱਚ ਅਸ਼ਟਪਦੀਆਂ, ਪਦੇ, ਦੁਪਦੇ, ਤਿਪਦੇ ਅਤੇ ਚਉਪਦੇ ਆਦਿ ਆਉਂਦੇ ਹਨ। ਅਸ਼ਟਪਦੀ ਨਾਮ ਤੋਂ ਹੀ ਸਪਸ਼ਟ ਹੈ, ਅੱਠ ਪਦਾਂ ਦੀ ਰਚਨਾ। ਸ੍ਰੀ ਗੁਰੂ ਅਰਜਨ ਦੇਵ ਜੀ ਰਚਿਤ 'ਸੁਖਮਨੀ ਸਾਹਿਬ' ਦੀ ਬਾਣੀ ਅਸ਼ਟਪਦੀਆਂ ਦੀ ਇਕ ਪ੍ਰਸਿੱਧ ਬਾਣੀ ਹੈ। ਅਸ਼ਟਪਦੀਆਂ ਵਿੱਚ ਪਉੜੀਆਂ ਦੀ ਗਿਣਤੀ ਅੱਠ, ਨੌਂ, ਦਸ ਅਤੇ ਗਿਆਰਾਂ ਦੀ ਮਿਲਦੀ ਹੈ। ਗੁਰਬਾਣੀ ਵਿੱਚ ਰਾਗ ਸਾਰੰਗ ਵਿੱਚ ਕਈ ਇਕ ਤੁਕ ਦੀਆਂ ਅਸ਼ਟਪਦੀਆਂ ਦੀ ਮਿਲਦੀਆਂ ਹਨ।

ਅਸਟਪਦੀ

"ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ
ਕਲਿ ਕਲੇਸ ਤਨ ਮਾਹਿ ਮਿਟਾਵਉ ॥" ਸ੍ਰੀ ਗੁਰੂ ਗ੍ਰੰਥ ਸਾਹਿਬ
ਅੰਗ - 262

1. ਗਿੱਲ, ਗੁਰਪਰਤਾਪ ਸਿੰਘ, ਗੁਰਮਤਿ ਸੰਗੀਤ ਵਿੱਚ ਪ੍ਰਯੁਕਤ ਲੋਕ ਸੰਗੀਤਕ ਤੱਤ

• ਪਦ

ਗੁਰਮਤਿ ਸੰਗੀਤ ਵਿੱਚ ਦੁਪਦੇ, ਤਿਪਦੇ, ਚਉਪਦੇ, ਪੰਚਪਦੇ ਆਦਿ ਰਚਨਾਵਾਂ ਨੂੰ ਪਦ-ਪਦ ਅੰਗ ਤੋਂ ਗਾਇਆ ਜਾਂਦਾ ਹੈ। ਗੁਰਮਤਿ ਸੰਗੀਤ ਵਿਚ ਪਦ ਰਚਨਾਵਾਂ ਨੂੰ ਰਾਗ, ਰਹਾਉ, ਅੰਕ, ਘਰੁ ਆਦਿ ਵਰਗੇ ਸੰਗੀਤਕ ਸੰਕੇਤਾਂ ਨਾਲ ਸਜਾਇਆ ਗਿਆ ਹੈ। ਰਹਾਉ ਵਿਚ ਰਚਨਾ ਦਾ ਮੁਖ ਭਾਵ ਕੇਂਦਰ ਰਹਿੰਦਾ ਹੈ ਅਤੇ ਇਸ ਤੁਕ ਨੂੰ ਸਥਾਈ ਵਾਂਗ ਵਾਰ-ਵਾਰ ਵਰਤਿਆ ਜਾਂਦਾ ਹੈ। ਅੰਕ ਮੁਖੜਾ ਅੰਤਰਾ, ਸੰਚਾਰੀ ਅਤੇ ਆਭੋਗ ਦਾ ਪ੍ਰਤੀਕ ਹੈ ਜੋ ਪਦ-ਪਦ ਸ਼ੈਲੀ ਦੇ ਭਾਗ ਹਨ। ਪਦ ਗਾਇਨ ਸਮੇਂ ਪ੍ਰਾਚੀਨ ਸਾਜਾਂ ਨਾਲ ਵਜਾਏ ਜਾਂਦੇ ਤਾਲ ਜਿਵੇਂ ਚਾਰਤਾਲ, ਸੂਲ ਤਾਲ ਅਤੇ ਰੁਪਕ ਆਦਿ ਦਾ ਵਾਦਨ ਪਖਾਵਜ ਜਾਂ ਤਬਲੇ ਤੇ ਕੀਤਾ ਜਾਂਦਾ ਹੈ।

• ਪੜਤਾਲ:

ਇਕ ਹੀ ਸ਼ਬਦ ਦੀ ਗਾਇਨ ਪ੍ਰਕਿਰਿਆ ਵਿੱਚ ਕਈ ਤਾਲਾਂ ਦੇ ਪ੍ਰਯੋਗ ਵਾਲੀ ਰਚਨਾ ਨੂੰ ਪੜਤਾਲ ਕਹਿੰਦੇ ਹਨ। ਸਰਬਪ੍ਰਵਾਨਿਤ ਵਿਚਾਰ ਅਨੁਸਾਰ ਪੜਤਾਲਾਂ ਗੁਰੂ ਸਾਹਿਬਾਨ ਦੀਆਂ ਸ਼ਬਦ ਰਚਨਾਵਾਂ ਹਨ ਜਿਨ੍ਹਾਂ ਦਾ ਗਾਇਨ ਵੱਖ-ਵੱਖ ਤਾਲਾਂ ਵਿੱਚ ਕੀਤਾ ਜਾਂਦਾ ਹੈ। ਆਮਤੌਰ ਤੇ ਤਾਲਾਂ ਦੀ ਗਿਣਤੀ ਚਾਰ ਜਾਂ ਪੰਜ ਹੁੰਦੀ ਹੈ। ਜਿਸ ਗਾਇਨ ਵਿਚ ਤਿੰਨ ਕੈਆਰੀਆਂ ਤਾਲ, ਉਠਾਣ ਅਤੇ ਆੜ ਲੈਅ ਅਤੇ ਇਕ-ਇਕ ਸਰਕਲ ਵਿਚ ਦੋ-ਦੋ ਵਾਰ ਵੱਜਦੇ ਹਨ, ਪੜਤਾਲ ਕਹਾਉਂਦੀ ਹੈ। ਪੜਤਾਲ ਗਾਇਨ ਦੀ ਰਚਨਾ ਇਕ ਹੀ ਰਾਗ ਵਿੱਚ ਹੁੰਦੀ ਹੈ ਅਤੇ ਵੱਖ-ਵੱਖ ਤਾਲਾਂ ਬਦਲਣ ਨਾਲ ਰਾਗ ਨਹੀਂ ਬਦਲਦੇ। ਗੁਰਮਤਿ ਸੰਗੀਤ ਵਿਚ 55 ਪੜਤਾਲਾਂ ਦਾ ਵਰਣਨ ਮਿਲਦਾ ਹੈ। ਗੁਰੂ ਰਾਮਦਾਸ ਜੀ ਨੇ 19 ਅਤੇ ਗੁਰੂ ਅਰਜਨ ਦੇਵ ਜੀ ਨੇ 36 ਪੜਤਾਲਾਂ ਵੱਖ-ਵੱਖ ਰਾਗਾਂ ਵਿੱਚ ਉਚਾਰਿਆ ਹੈ। ਇਹ ਗੁਰਮਤਿ ਸੰਗੀਤ ਦੀ ਇਕ ਵਿਲੱਖਣ ਗਾਇਨ ਸ਼ੈਲੀ ਹੈ ਜਿਸ ਦਾ ਵਰਣਨ ਹੋਰ ਕਿਸੇ ਪ੍ਰਾਂਤ ਜਾਂ ਦੇਸ਼ ਦੇ ਸੰਗੀਤ ਵਿੱਚ ਨਹੀਂ ਮਿਲਦਾ।

ਸਾਰਗ ਮਹਲਾ ੪ ਘਰੁ ੫ ਦੁਪਦੇ ਪੜਤਾਲ ੴ ਸਤਿਗੁਰ ਪ੍ਰਸਾਦਿ
ਜਪਿ ਮਨ ਜਗੰਨਾਥ ਜਗਦੀਸਰੋ ਜਗਜੀਵਨੋ ਮਨਮੋਹਨ ਸਿਉ ਪ੍ਰੀਤਿ ਲਾਗੀ ਮੈ
ਹਰਿ ਹਰਿ ਹਰਿ ਟੇਕ ਸਭ ਦਿਨਸੁ ਸਭ ਰਾਤਿ ॥੧॥ ਰਹਾਉ ॥

1- ਗੁਰਬਾਣੀ ਅਧਿਐਨ, ਨਵ ਪਰਿਪੇਖ, ਅੰਮ੍ਰਿਤਪਾਲ ਕੌਰ (ਡਾ:), ਪੰਨਾ 48

- ਹੋਲੀ

ਰਾਗ ਬਸੰਤ ਵਿੱਚ ਹੋਲੀ ਨਾਲ ਸੰਬੰਧ ਰੱਖਣ ਵਾਲੇ ਸ਼ਬਦ ਪ੍ਰਕਾਰ ਸ਼ੈਲੀ ਵਿੱਚ ਰਚੇ ਗਏ ਹਨ। ਸ਼ਬਦਾਂ ਦਾ ਪ੍ਰਕਾਰ ਸ਼ੈਲੀ ਵਿੱਚ ਸਾਹਿਤਕ ਸੰਗੀਤਕ ਰੂਪ ਰੱਖਣ ਵਾਲੇ ਕੀਰਤਨਕਾਰ ਹੀ ਕਰਦੇ ਹਨ। ਬਸੰਤ ਰੁੱਤ ਵਿੱਚ ਮਾਘੀ ਦੇ ਤਿਉਹਾਰ ਵਾਲੇ ਦਿਨ ਤੋਂ ਹਰ ਕੀਰਤਨ ਸ਼ੈਲੀ ਵਿੱਚ ਰਾਗ ਬਸੰਤ ਤੇ ਆਧਾਰਿਤ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ। ਸ਼ਬਦਾਂ ਦਾ ਰਾਗ ਬਸੰਤ ਵਿੱਚ ਗਾਇਨ ਹੋਲੇ ਮਹੱਲੇ ਤਕ ਜਾਰੀ ਰਹਿੰਦਾ ਹੈ।

- ਸਲੋਕ

ਗੁਰਮਤਿ ਸੰਗੀਤ ਵਿੱਚ ਸਲੋਕਾਂ ਨੂੰ ਖ਼ਿਆਲ ਅੰਗ ਨਾਲ ਗਾਇਣ ਦੀ ਪ੍ਰਥਾ ਹੈ। ਗੁਰਬਾਣੀ ਵਿੱਚ ਗੁਰੂ ਅੰਗਦ ਦੇਵ ਜੀ ਦੇ 10 ਰਾਗਾਂ ਵਿੱਚ 61 ਸਲੋਕ ਅਤੇ ਗੁਰੂ ਤੇਗ ਬਹਾਦਰ ਜੀ ਦੇ 17 ਰਾਗਾਂ ਵਿੱਚ 69 ਸ਼ਬਦ ਅਤੇ 57 ਸਲੋਕ ਦਰਜ ਹਨ। ਸਲੋਕਾਂ ਨੂੰ ਖ਼ਿਆਲ ਅਤੇ ਟੱਪਾ ਗਾਇਨ ਸ਼ੈਲੀ ਵਿੱਚ ਗਾਇਆ ਜਾਂਦਾ ਹੈ। ਗੁਰਬਾਣੀ ਦੇ ਅੰਤਰਗਤ ਲਿਖਤੀ ਰੂਪ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਖ਼ਿਆਲ ਦਰਜ ਹੈ, ਜਿਸਦਾ ਸਿਰਲੇਖ "ਖ਼ਿਆਲ ਪਾਤਸ਼ਾਹੀ 10" ਹੈ। ਦਰਜ ਖ਼ਿਆਲਾਂ ਵਾਂਗ ਅੱਜ ਕੱਲ ਵਿੱਚ ਸਲੋਕਾਂ ਦਾ ਗਾਇਨ ਕੀਤਾ ਜਾਂਦਾ ਹੈ। ਇਹ ਸ਼ਬਦ ਰਚਨਾਵਾਂ ਤਿੰਨ ਤਾਲ, ਰੂਪਕ, ਇੱਕ ਤਾਲ, ਝਪਤਾਲ, ਕਹਿਰਵਾ, ਦਾਦਰਾ ਆਦਿ ਤਾਲਾਂ ਵਿੱਚ ਨਿਬੱਧ ਕੀਤੀਆਂ ਹਨ।

ਸਲੋਕ ਮਹਲਾ ੯

ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ ॥
ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ ॥੧॥

(ਆਦਿ ਗ੍ਰੰਥ, ਪੰਨਾ 1426)

## 3.2 ਗੁਰਮਤਿ ਕੀਰਤਨ ਦੇ ਅੰਤਰਗਤ ਲੋਕ ਸੰਗੀਤ ਅੰਗ ਦੇ ਗਾਇਨ ਰੂਪ

ਜਿਉਂ ਜਿਉਂ ਸੰਗੀਤ ਦਾ ਵਿਕਾਸ ਹੁੰਦਾ ਗਿਆ ਇਸ ਵਿੱਚ ਕਈ ਪਰੰਪਰਾਵਾਂ ਹੋਂਦ ਵਿੱਚ ਆਈਆਂ। ਜਿਨ੍ਹਾਂ ਵਿੱਚ ਲੋਕ ਸੰਗੀਤ ਦੇ ਧੁਨਿਆਵੀ ਤੱਤ ਦੇਖੇ ਗਏ। ਗੁਰਬਾਣੀ ਵਿੱਚ ਪ੍ਰਚਲਿਤ ਲੋਕ ਕਾਵਿ

1. ਆਦਿ ਗ੍ਰੰਥ ਕੋਸ਼, ਗੁਰਨਾਮ ਸਿੰਘ (ਡਾ:) ਪੰਨਾ 20

ਵੈਦਕ ਕਾਵਿ ਰੂਪ ਹੀ ਨਹੀਂ ਸਗੋਂ ਇਹ ਲੋਕ ਗੀਤ ਰੂਪ ਵੀ ਹਨ ਜੋ ਆਪਣੇ ਮੂਲ ਰੂਪਾਂ ਕਾਰਨ ਲੋਕ ਮਨ ਦੀ ਅਭਿਵਿਅਕਤੀ ਨਾਲ ਜੁੜੇ ਹੋਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵੀ ਲੋਕ ਸੰਗੀਤ ਦੇ ਆਧਾਰ ਤੇ ਰਚੀ ਗਈ ਹੈ। ਇਹ ਲੋਕ ਧੁਨਾਂ ਗੁਰੂਆਂ ਦੇ ਸਮੇਂ ਆਮ ਪ੍ਰਚਲਿਤ ਸਨ। ਇਨ੍ਹਾਂ ਹਰਮਨ ਪਿਆਰੀਆਂ ਲੋਕ ਧਾਰਨਾਵਾਂ ਦੇ ਆਧਾਰ ਤੇ ਉਸ ਸਮੇਂ ਸੰਤਾਂ, ਭਗਤਾਂ, ਗੁਰੂਆਂ ਨੇ ਬਹੁਤ ਸੁੰਦਰ ਗੀਤਾਂ ਦੀ ਰਚਨਾ ਕੀਤੀ ਅਤੇ ਇਨ੍ਹਾਂ ਦੀਆਂ ਧੁਨਾਂ ਧੁਨਾਵਾਂ ਤਾਂ ਜੋ ਜਨ ਸਧਾਰਨ ਇਨ੍ਹਾਂ ਨੂੰ ਪੜ੍ਹ ਸੁਣ ਕੇ ਪ੍ਰੇਰਣਾ ਪ੍ਰਾਪਤ ਕਰ ਸਕੇ। ਲੋਕ ਕਾਵਿ ਅਤੇ ਲੋਕ ਸੰਗੀਤ ਅੰਗ ਨਾਲ ਗਾਏ ਜਾਣ ਵਾਲੇ ਜੋ ਰੂਪ ਅਪਣਾਏ ਗਏ, ਉਨ੍ਹਾਂ ਵਿਚੋਂ ਕੁਝ ਦੇ ਇਸ ਪ੍ਰਕਾਰ ਹਨ।

- ਅਲਾਹੁਣੀ

ਇਹ ਸੋਗ ਗੀਤ ਹੈ ਅਤੇ ਇਸ ਰਾਹੀਂ ਵਿਛੋੜੇ ਦੀ ਭਾਵਨਾ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਇਕ-ਦੂਜੇ ਸਨੇਹੀ, ਸੰਬੰਧੀ ਦੀ ਯਾਦ ਵਿੱਚ ਪਾਏ ਵੈਣ ਇਨ੍ਹਾਂ ਗੀਤਾਂ ਦਾ ਰੂਪ ਸਿਰਜਦੇ ਹਨ। ਅਲਾਹੁਣੀਆਂ ਦਾ ਗਾਇਨ ਵਡਹੰਸ ਰਾਗ ਦੇ ਸੁਰਾਂ ਤੇ ਕੀਤਾ ਜਾਂਦਾ ਹੈ। ਇਹ ਲੋਕ ਪਰਮਾ ਸੰਸਾਰ ਤੇ ਆਏ ਜੀਵ ਸੋਕੂਆਂ ਦੇ ਵਿਛੋੜੇ ਸਮੇਂ ਨਾਲ ਸੰਬੰਧ ਰੱਖਦੀ ਹੈ।

- ਵਾਰ

ਸੂਰਮਿਆਂ ਯੋਧਿਆਂ ਜਾਂ ਸੂਰਬੀਰਾਂ ਦੇ ਜੰਗੀ ਵਿਸ਼ੇ ਵਿੱਚ ਰਚੇ ਹੋਏ ਲੋਕ ਗੀਤ ਅਪਣਾਉਂਦੇ ਹੋਏ ਗੁਰੂ ਸਾਹਿਬਾਨ ਨੇ ਰਾਗ ਆਸਾ, ਤਿਲੰਗ, ਸੂਹੀ ਤੇ ਸਾਰੰਗ ਰਾਗ ਵਿੱਚ ਇਨ੍ਹਾਂ ਦਾ ਪ੍ਰਯੋਗ ਕੀਤਾ। ਵਾਰਾਂ ਦਾ ਗਾਇਨ ਲੋਕ ਸੰਗੀਤ ਅੰਗ ਨਾਲ ਕੀਤਾ ਜਾਂਦਾ ਹੈ।

- ਘੋੜੀਆਂ

ਵਿਆਹ ਦੇ ਸਮੇਂ ਜਦ ਲਾੜਾ ਘੋੜੀ ਉੱਤੇ ਚੜ੍ਹਦਾ ਹੈ ਤਾਂ ਉਸ ਸਮੇਂ ਲਾੜੇ ਦੀਆਂ ਭੈਣਾਂ ਜੋ ਖੁਸ਼ੀ ਦੇ ਗੀਤ ਗਾਉਂਦੀਆਂ ਹਨ, ਉਨ੍ਹਾਂ ਨੂੰ ਘੋੜੀਆਂ ਕਿਹਾ ਜਾਂਦਾ ਹੈ। ਗੁਰੂ ਰਾਮਦਾਸ ਜੀ ਨੇ ਇਸ ਲੋਕ ਸੰਗੀਤ ਦੀ ਧੁਨ ਨੂੰ ਵਡਹੰਸ ਰਾਗ ਵਿਚ ਵਰਤਿਆ ਹੈ।

ਵਡਹੰਸ ਮਹਲਾ ੪ ਘੋੜੀਆ
ੴ ਸਤਿਗੁਰ ਪ੍ਰਸਾਦਿ ॥

"ਦੇਹ ਤੇਜਣਿ ਜੀ ਰਾਮ ਉਪਾਈਆ ਰਾਮ ॥
ਧੰਨੁ ਮਾਣਸ ਜਨਮੁ ਪੁੰਨਿ ਪਾਈਆ ਰਾਮ ॥"
(ਆਦਿ ਗ੍ਰੰਥ, ਪੰਨਾ 575)

- ਆਰਤੀ

ਇਸ਼ਟ ਦੇਵ ਦੀ ਮਹਿਮਾ ਅਤੇ ਉਸ ਦੀ ਪੂਜਾ ਆਰਤੀ ਰਾਹੀਂ ਕੀਤੀ ਜਾਂਦੀ ਹੈ। ਇਸ ਰੂਪ ਦਾ ਆਧਾਰ ਰਾਗ ਧਨਾਸਰੀ ਦੇ ਅਧੀਨ ਹੈ। 'ਆਰਤੀ' ਭਾਰਤੀ ਲੋਕ ਧਰਮ ਵਿਚ ਪੂਜਾ ਕਰਨ ਦੀ ਇਕ ਪ੍ਰਸਿੱਧ ਰੀਤ ਹੈ। ਗੁਰੂ ਨਾਨਕ ਦੇਵ ਜੀ ਅਤੇ ਹੋਰ ਕਈ ਭਗਤਾਂ ਨੇ ਇਸ ਆਧਾਰਤ ਧਨਾਸਰੀ ਦੇ ਜਿਨ੍ਹਾਂ ਨੂੰ ਹੀ ਆਰਤੀ ਕਰੀ ਵਰਤਿਆ ਗਿਆ ਹੈ।

ਧਨਾਸਰੀ ਮਹਲਾ ੧ ਆਰਤੀ
ੴ ਸਤਿਗੁਰ ਪ੍ਰਸਾਦਿ ॥

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥
(ਆਦਿ ਗ੍ਰੰਥ, ਪੰਨਾ 663)

- ਅੰਜੁਲੀ

ਇਸ ਰੀਤ ਰਾਹੀਂ ਮੱਨ ਵਿਚ ਪ੍ਰਗਟ ਹੋਈ ਚੇਤਨੀ ਦੀ ਭਾਵਨਾ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਅੰਜੁਲੀ ਦਾ ਸਾਬਦਿਕ ਅਰਥ ਹੱਥ ਹੈ ਜਿਨ੍ਹਾਂ ਤੇ ਰਖਨ ਦੀ ਪੂਜਾ ਕੀਤੀ ਜਾ ਰਹੀ ਹੈ। ਗੁਰੂ ਅਰਜਨ ਦੇਵ ਜੀ ਦੀਆਂ ਮਾਰੂ ਰਾਗ ਵਿਚ ਦੋ ਰਚਨਾਵਾਂ ਅੰਜੁਲੀ ਦੀਆਂ ਉਪਲਬਧ ਹਨ।

- ਸਦ

ਸਦ ਨੂੰ ਲੰਮੀ ਹੇਕ ਨਾਲ ਗਾਇਆ ਜਾਂਦਾ ਹੈ। ਇਸ ਰੀਤ ਵਿੱਚ ਸੋਗ ਦਾ ਭਾਵ ਪ੍ਰਗਟ ਹੁੰਦਾ ਹੈ। ਬਾਬਾ ਸੁੰਦਰ ਨੇ ਗੁਰੂ

ਅਮਰਦਾਸ ਜੀ ਦੇ ਅਕਾਲ ਚਲਾਣਾ ਕਰਨ ਉਪਰੰਤ ਉਹਨਾਂ ਦੇ ਵਿਛੋੜੇ ਦੀ ਸਥਿਤੀ ਨੂੰ ਰਾਮਕਲੀ ਰਾਗ ਵਿਚ ਚਿਤਰਿਤ ਕੀਤਾ ਸੀ।

- ਸੋਹਿਲਾ

ਸ਼ਾਦੀ ਦੇ ਗੀਤ ਨੂੰ ਸੋਹਿਲਾ ਕਿਹਾ ਜਾਂਦਾ ਹੈ। ਗਉੜੀ ਰਾਗ ਵਿਚ ਗੁਰੂ ਨਾਨਕ ਦੇਵ ਜੀ ਦਾ ਇਕ ਸ਼ਬਦ ਬਾਣੀ ਵਿਚ ਇਸੇ ਸਿਰਲੇਖ ਹੇਠ ਦਰਜ ਹੈ। ਗੁਰਮਤਿ ਅਨੁਸਾਰ ਸੋਹਿਲਾ ਸ਼ਬਦ ਨੂੰ ਰੱਬੀ ਗੁਣਗਾਨ ਤੋਂ ਬਾਅਦ ਪੜ੍ਹਨ ਦਾ ਵਿਧਾਨ ਹੈ।

ਸੋਹਿਲਾ ਰਾਗੁ ਗਉੜੀ ਦੀਪਕੀ ਮਹਲਾ ੧
੧ਓ ਸਤਿਗੁਰ ਪ੍ਰਸਾਦਿ॥

ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ॥
ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ॥੧॥
(ਆਦਿ ਗ੍ਰੰਥ, ਪੰਨਾ ੧੨)

- ਕਰਹਲੇ

ਸਿੰਧੀ ਭਾਸ਼ਾ ਵਿੱਚ ਊਠਾਂ ਚਾਲਕਾਂ ਨੂੰ ਕਰਹਲੇ ਆਖਦੇ ਹਨ। ਗੁਰੂ ਰਾਮਦਾਸ ਜੀ ਨੇ ਇਸ ਪ੍ਰਸੰਗ ਤੇ ਗਉੜੀ ਰਾਗ ਵਿਚ ਦੋ ਸ਼ਬਦਾਂ ਦੀ ਰਚਨਾ ਕੀਤੀ ਹੈ।

- ਰੁਤੀ ਸਲੋਕੁ

ਇਸ ਸ਼ਬਦ ਗੀਤ ਵਿਚ ਪ੍ਰੇਮ ਦੀ ਭਾਵਨਾ ਪ੍ਰਗਟ ਹੁੰਦੀ ਹੈ। ਗੁਰਬਾਣੀ ਵਿਚ ਗੁਰੂ ਅਰਜਨ ਦੇਵ ਜੀ ਦੇ ॥ ਸ਼ਬਦ ਇਸ ਸਿਰਲੇਖ ਹੇਠ ਦਰਜ ਕੀਤੇ ਹਨ।

- ਛੰਤ

ਇਹ ਕਾਵਿ ਰੂਪ ਗੁਰਮਤਿ ਸੰਗੀਤ ਦੇ ਵੱਖ-ਵੱਖ ਰਾਗਾਂ ਜਿਵੇਂ ਗਉੜੀ, ਆਸਾ, ਵਡਹੰਸ, ਤੁਖਾਰੀ ਆਦਿ ਵਿੱਚ ਮਿਲਦੇ ਹਨ। ਗੁਰੂ ਰਾਮਦਾਸ ਜੀ ਦੀ ਬਾਣੀ ਦੇ ਸੂਹੀ ਰਾਗ ਵਿੱਚ ਚਾਰ ਛੰਤ ਦਰਜ ਹਨ ਜਿਨ੍ਹਾਂ

ਦਾ ਸੰਬੰਧ ਲਾਵਾਂ ਨਾਲ ਹੈ।

- ਤਿਪਦੇ

ਇਹ ਸ਼ਬਦ ਸਮੂਹ ਹਨ। ਗੁਰੂ ਅਰਜਨ ਸਾਹਿਬ ਨੇ ਤਿਪਦਿਆਂ ਨੂੰ ਆਸਾ ਰਾਗ ਵਿਚ ਗਾਈ ਜਾਣ ਵਾਲੀ ਬਾਣੀ ਵਿਚ ਦਰਜ ਕੀਤਾ ਹੈ। 5 ਤਿਪਦੇ ਸ੍ਰੀ ਰਾਗ ਦੇ ਢੰਗ ਨਾਲ ਲਿਖੇ ਹੋਏ ਵੀ ਮਿਲਦੇ ਹਨ।

- ਥਿਤੀ

ਇਸ ਬਾਣੀ ਦੀ ਰਚਨਾ ਪੰਦਰਾਂ ਥਿਤਾਂ ਦੇ ਆਧਾਰ ਤੇ ਕੀਤੀ ਗਈ ਹੈ। ਗੁਰੂ ਨਾਨਕ ਦੇਵ ਜੀ ਨੇ ਥਿਤੀ ਬਿਲਾਵਲ ਰਾਗ ਵਿਚ ਅਤੇ ਕਬੀਰ ਜੀ ਨੇ ਰਾਗ ਗਉੜੀ ਵਿਚ ਉਚਾਰਣ ਕੀਤੀ ਹੈ।

- ਦਿਨ ਰੈਣਿ

ਇਸ ਸਿਰਲੇਖ ਹੇਠ ਰਾਗ ਮਾਝ ਵਿੱਚ ਗੁਰੂ ਅਰਜਨ ਸਾਹਿਬ ਦੀ ਇਕ ਰਚਨਾ ਹੈ।

- ਪਹਰੇ

ਇਹ ਲੋਕ ਕਾਵਿ ਰੂਪ ਵਣਜਾਰਿਆਂ ਨਾਲ ਸੰਬੰਧਿਤ ਹੈ। ਗੁਰੂ ਨਾਨਕ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਸਾਹਿਬ ਨੇ ਸ੍ਰੀ ਰਾਗ ਵਿਚ ਪਹਰੇ ਲਿਖੇ ਹਨ।

- ਪਟੀ

ਗੁਰਮੁਖੀ ਵਰਣਮਾਲਾ ਦੇ ਆਧਾਰ ਤੇ ਰਚੀ ਗਈ ਬਾਣੀ, ਪਟੀ ਕਹਾਉਂਦੀ ਹੈ। ਪਟੀ ਦਾ ਪ੍ਰਯੋਗ ਗੁਰੂ ਨਾਨਕ ਅਤੇ ਗੁਰੂ ਅਮਰਦਾਸ ਨੇ ਰਾਗ ਆਸਾ ਵਿੱਚ ਕੀਤਾ ਹੈ।

- ਬਾਰਹਮਾਹ

ਇਹ ਕਾਵਿ ਸਾਲ ਦੇ 12 ਮਹੀਨਿਆਂ ਦੇ ਆਧਾਰ ਤੇ

ਰਚਿਆ ਗਿਆ। ਗੁਰੂ ਨਾਨਕ ਨੇ ਇਸਦਾ ਉਚਾਰਣ ਤੁਖਾਰੀ ਰਾਗ ਵਿੱਚ ਅਤੇ ਗੁਰੂ ਅਰਜਨ ਦੇਵ ਜੀ ਨੇ ਮਾਝ ਰਾਗ ਵਿੱਚ ਕੀਤਾ ਹੈ।

- ਬਾਵਨ ਅੱਖਰੀ

  ਦੇਵਨਾਗਰੀ ਦੇ 52 ਅੱਖਰਾਂ ਤੇ ਅਧਾਰਿਤ ਬਾਣੀ ਬਾਵਨ ਅੱਖਰੀ ਅਖਵਾਉਂਦੀ ਹੈ। ਭਗਤ ਕਬੀਰ ਤੇ ਗੁਰੂ ਅਰਜਨ ਦੇਵ ਜੀ ਨੇ ਇਸਦੀ ਵਰਤੋਂ ਗਉੜੀ ਰਾਗ ਵਿੱਚ ਕੀਤੀ ਹੈ।

- ਵਿਰਹੜੇ

  ਵਿਯੋਗ ਦੀ ਭਾਵਨਾ ਨੂੰ ਪ੍ਰਗਟ ਕਰਨ ਵਾਲੇ ਗੀਤ 'ਵਿਰਹੜੇ' ਕਹਾਉਂਦੇ ਹਨ। ਗੁਰੂ ਅਰਜਨ ਦੇਵ ਜੀ ਨੇ ਤਿੰਨ ਛੰਦਾਂ ਦੀ ਰਚਨਾ ਕੀਤੀ ਜਿਨ੍ਹਾਂ ਨੂੰ 'ਛੰਤ ਦੀ ਜਤਿ' ਤੇ ਗਾਉਣ ਦਾ ਆਦੇਸ਼ ਦਿਤਾ ਹੈ।

- ਮੰਗਲ

  ਇਹ ਖੁਸ਼ੀ ਦੇ ਪ੍ਰਗਟਾਵੇ ਵਾਲਾ ਗੀਤ ਹੈ। ਰਾਗ ਬਿਲਾਵਲ ਵਿੱਚ ਗੁਰੂ ਰਾਮਦਾਸ ਜੀ ਨੇ ਮੰਗਲ ਦੀ ਰਚਨਾ ਕੀਤੀ ਹੈ।

- ਰੁਤੀ

  ਇਹ ਕਾਵਿ ਰਚਨਾ ਛੇ ਰੁਤਾਂ ਨੂੰ ਸੰਬੋਧਨ ਕਰ ਕੀਤੀ ਗਈ। ਰਾਗ ਰਾਮਕਲੀ ਵਿੱਚ ਗੁਰੂ ਅਰਜਨ ਸਾਹਿਬ ਨੇ ਇਸਦਾ ਪ੍ਰਯੋਗ ਕੀਤਾ।

- ਵਣਜਾਰਾ

  ਗੁਰੂ ਰਾਮਦਾਸ ਜੀ ਨੇ ਸ੍ਰੀ ਰਾਗ ਵਿੱਚ ਵਣਜਾਰੇ ਦੇ ਧਨ ਨੂੰ ਸੱਖ ਰਖਕੇ ਬਾਣੀ ਦੀ ਰਚਨਾ ਕੀਤੀ ਹੈ ਕਿ ਵਣਜਾਰਾ ਨਿਰਲੇਪ ਅਧੀਨ ਰਹਿੰਦਾ ਹੈ।

- ਵਾਰ

  ਯੁੱਧ ਦੀਆਂ ਘਟਨਾਵਾਂ ਦੀ ਜਾਣਕਾਰੀ ਦੇਣ ਵਾਲਾ ਗੀਤ, ਜਿਸਨੂੰ ਪਉੜੀ ਵਿੱਚ ਗਾਇਆ ਜਾਂਦਾ ਹੈ, ਵਾਰ ਅਖਵਾਉਂਦਾ ਹੈ। ਇਸਨੂੰ ਢਾਡੀ ਗਾਉਂਦੇ ਹਨ। ਗੁਰਮਤਿ ਸੰਗੀਤ ਵਿੱਚ 22 ਵਾਰਾਂ

ਦਾ ਵਰਣਨ ਹੈ ਜਿਸ ਵਿੱਚ ਸ੍ਰੀ ਗੁਰੂ ਸਾਹਿਬਾਨ ਅਤੇ ਵਾਰ ਸੱਤੇ ਬਲਵੰਡ ਜੋ ਰਾਮਕਲੀ ਰਾਗ ਵਿੱਚ ਲਿਖੀ।'

ਗੁਰਬਾਣੀ ਵਿੱਚ ਲੋਕ ਸੰਗੀਤਕ ਤੱਤ ਆਪਣੇ ਵਿਸ਼ੇਸ਼ ਅੰਦਾਜ਼ ਦੀ ਪ੍ਰਤੀਨਿਧਤਾ ਕਰਦੇ ਹੋਏ ਇਹਨਾਂ ਦੇ ਵਿਸ਼ੇਸ਼ ਗੁਰਮਤਿ ਦੇ ਸੰਦੇਸ਼ ਨੂੰ ਜਨਤੇ ਦੇ ਘਰ ਅੰਦਰ ਪਹੁੰਚਾਉਂਦਾ ਹੈ।

## 3.3 ਗੁਰਬਾਣੀ ਕੀਰਤਨ ਦੇ ਆਧੁਨਿਕ ਸੁਗਮ ਅੰਗ ਦੇ ਗਾਇਨ ਰੂਪ

ਅੱਜ ਦੇ ਯੁਗ ਵਿੱਚ ਜਦੋਂ ਕਿ ਸਾਰਾ ਸੰਸਾਰ ਹੀ ਆਪਣੇ ਕੰਮਾਂ ਵਿੱਚ ਰੁੱਝਿਆ ਹੋਇਆ ਹੈ ਅਤੇ ਜ਼ਾਹਿਰ ਜਿਹੇ ਵੇਲ ਦੀ ਵਿਹਲਾਂ ਜਨਾਂ ਜਾਂ ਰੂਹੀ ਨਹੀਂ ਕਿ ਸ਼ਾਸਤਰੀ ਸੰਗੀਤ ਵਿੱਚ ਦੇ ਉਸਦੇ ਅੰਤਰਗਤ ਆਉਂਦੀਆਂ ਗਾਇਨ ਸ਼ੈਲੀਆਂ ਨੂੰ ਸਮਝਣ ਦਾ ਯਤਨ ਕਰੇ। ਇਸੇ ਕਰਕੇ ਸਮੇਂ ਦੇ ਬਦਲਣ ਨਾਲ ਸੰਗੀਤ ਜਗਤ ਦੇ ਨਾਲ-ਨਾਲ ਗੁਰਬਾਣੀ ਸੰਗੀਤ ਜਗਤ ਵਿੱਚ ਵੀ ਬਹੁਤ ਬਦਲਾਅ ਆਏ। ਜਿਸ ਕਰਕੇ ਬਹੁਤ ਸਾਰੇ ਨਵੇਂ ਅਤੇ ਸੌਖੇ ਗਾਇਨ ਰੂਪਾਂ ਨੇ ਜਨਮ ਲਿਆ।
ਜੇਕਰ ਅਸੀਂ ਗੁਰਬਾਣੀ ਕੀਰਤਨ ਦੀ ਗੱਲ ਕਰੀਏ ਤਾਂ ਪੁਰਾਤਨ ਸਿੱਖਾਂ ਨੇ ਬਹੁਤ ਸਾਰੀਆਂ ਰੀਤਾਂ ਬਣਾਈਆਂ ਅਤੇ ਗੁਰਬਾਣੀ ਕੀਰਤਨ ਨੂੰ ਇਕ ਰੂਪ ਵਿੱਚ ਸੰਗਤਾਂ ਦੇ ਸਨਮੁੱਖ ਲਿਆਂਦਾ ਜਿਨ੍ਹਾਂ ਗਾਇਨ ਰੂਪਾਂ ਦੇ ਅਨੁਸਾਰ ਅੱਜ ਸੰਗਤ ਅਤੇ ਨੌਜਵਾਨ ਵਰਗ ਗੁਰੂ-ਘਰ ਨਾਲ ਜੁੜਨ ਲੱਗਾ। ਬਹੁਤ ਸਾਰੇ ਪੁਰਾਤਨ ਰਾਗੀ ਸਿੰਘ ਅਤੇ ਰਾਗੀ ਇਨ੍ਹਾਂ ਰੀਤਾਂ ਤੇ ਆਧਾਰਿਤ ਕੀਰਤਨ ਕਰਦੇ ਸਨ। ਜਿਵੇਂ ਕਿ

- ਭਾਈ ਗੋਪਾਲ ਸਿੰਘ (ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ॥)
- ਭਾਈ ਸਮੁੰਦ ਸਿੰਘ (ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ)
- ਭਾਈ ਬਖਸ਼ੀਸ਼ ਸਿੰਘ
- ਭਾਈ ਹੀਰਾ ਸਿੰਘ ਆਦਿ

1. ਗੁਰਬਾਣੀ ਤੇ ਲੋਕ ਸੰਗੀਤ, ਪਿਆਰਾ ਸਿੰਘ ਪਦਮ (ਪ੍ਰੋ:), ਪੰਨਾ 83

ਵਿਰਸਾਂ ਰੀਤਾਂ ਤੋਂ ਹੀ ਸੰਗੀਤਕ ਸੰਸਕਾਰ ਪ੍ਰਾਪਤ ਕਰਕੇ ਆਏ ਸਨ। ਇਸ ਦੀ ਇਹ ਪ੍ਰਥਾ ਚਲ ਰਹੀ ਹੈ। ਇਸ ਵਿਚ ਲੋਕ ਗਾਇਨ ਸ਼ੈਲੀਆਂ ਜਿਵੇਂ ਕਿ ਵਾਰ, ਕਵਾਲੀ, ਗੀਤ ਆਦਿ ਦਾ ਅਸਰ ਵੀ ਸੁਣਨ ਨੂੰ ਮਿਲਦਾ ਹੈ। ਜਿਵੇਂ ਕਿ

- ਭਾਈ ਹਰਜਿੰਦਰ ਸਿੰਘ ਜੀ 'ਸ੍ਰੀ ਨਗਰ ਵਾਲੇ'
- ਬੀਬੀ ਬਲਜੀਤ ਕੌਰ
- ਸੰਤ ਅਨੂਪ ਸਿੰਘ ਜੀ
- ਭਾਈ ਗੁਰਇਕਬਾਲ ਸਿੰਘ
- ਭਾਈ ਅਨੰਤਵੀਰ ਸਿੰਘ
- ਭਾਈ ਸਰਬਜੀਤ ਸਿੰਘ
- ਭਾਈ ਨਿਰੰਜਨ ਸਿੰਘ

ਭਾਵੇਂ ਬਹੁਤਾਤ ਬਾਣੀ ਰਾਗਾਂ ਦੇ ਅਧੀਨ ਹੈ ਜਾਂ ਕਿਸੇ ਵਿਸ਼ੇਸ਼ ਗਾਇਨ ਰੂਪ ਦੇ ਅਧੀਨ ਨਿਰਧਾਰਿਤ ਹੈ ਅਤੇ ਭਾਵਪੂਰਨ ਹੈ ਪਰ ਫਿਰ ਵੀ ਉਪਰੋਕਤ ਰਾਗੀਆਂ ਦੁਆਰਾ ਗਾਈਆਂ ਰੀਤਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਕਿਉਂਕਿ ਗੁਰਬਾਣੀ ਕੀਰਤਨ ਸ਼ਬਦ ਪ੍ਰਧਾਨ ਹੈ, ਅੰਦਰੂਨੀ ਭਾਵਨਾਵਾਂ ਨੂੰ ਜਗਾਉਂਦਾ ਹੈ ਅਤੇ ਮਨੁੱਖ ਨੂੰ ਅਕਾਲ ਪੁਰਖ ਨਾਲ ਜੋੜਦਾ ਹੈ। ਇਸੇ ਪਾਰ ਅਧੀਨ ਪਾਰਸਾ ਲਗਾ ਕੇ ਗਾਏ ਗਏ ਸ਼ਬਦ ਅਤੇ ਪ੍ਰਗਟ ਮਨੋਂ ਤੋਂ ਰਚੀ ਜਾ ਰਹੀ ਪ੍ਰਭਾਤ ਫੇਰੀਆਂ ਦੀ ਰੀਤ ਅਤੇ ਫਿਰ ਇਸ ਗਾਏ ਜਾਣ ਵਾਲੇ ਸ਼ਬਦਾਂ ਦੀਆਂ ਧੁਨਾਂ ਤਰੀਕੇ ਦੀਆਂ ਰੀਤਾਂ ਆਕਰਸ਼ਕ ਹਨ ਅਤੇ ਅੱਜ ਵੀ ਪ੍ਰਚਲਿਤ ਹਨ ਅਤੇ ਸਦਾ ਰਹਿਣਗੀਆਂ। ਇਥੇ

ਇਸੇ ਨਾਲ ਹੀ ਇਹ ਵੀ ਦੱਸਣਾ ਬਣਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਹ ਦਰਜ ਆਧਾਰਿਤ ਬਾਣੀ ਹੈ ਕਿ ਰਾਗਬੱਧ ਨਹੀਂ ਹੈ ਫਿਰ ਵੀ ਗਾਇਕ ਸਾਥੀਆਂ ਸੋਹਣਾਂ ਤੇ ਗਾ ਕੇ ਸੰਗਤਾਂ ਦਾ ਭਰਪੂਰ ਪਿਆਰ ਪ੍ਰਾਪਤ ਕਰਦੇ ਹਨ। ਜਿਵੇਂ ਕਿ ਭਾਈ ਹਰਜਿੰਦਰ ਸਿੰਘ ਸ੍ਰੀ ਨਗਰ ਵਾਲਿਆਂ ਦੁਆਰਾ ਗਾਏ ਗਏ '[illegible] [illegible]'।

ਜਿਵੇਂ ਤਨੂੰ ਭਾਰੀ ~~ਨੋਕ~~ ਲਗਣ ਜੀ ਅਤੇ ਭਾਰੀ ਰਾਗਦਾਨ
ਦੀ ਬਾਣੀ ਦੀ ਗੁਰਮਤਿ ਵਿੱਚ ਪਛਾਣੀ ਅਤੇ ਰਾਗਾਂ ਦੀ
ਪ੍ਰਧਾਨਤਾ ਹੈ ਕਿ ਕਿ ਰਾਗਬੱਧ ਨਹੀਂ ਹੈ। ਇਸੇ ਇਕ
ਇਕ ਕੀਰਤਨ ਗਾਇਣ ਨਹੀਂ ਹੁੰਦਾ ਕਿ

"ਜੈਸਾ ਖਾਈਏ ਅੰਨ, ਤੈਸਾ ਹੋਵੇ ਮਨ,
ਜੈਸਾ ਸੁਣੀਏ ਰਾਗ, ਵੈਸਾ ਹੋਵੇ ਗਿਆਨ।"

- ਗੁਲਦਸਤਾ

ਰਾਗੀ ਸਿੰਘ ਇਕ ਹੋਰ ਸ਼ੈਲੀ ਦਾ ਗਾਇਨ ਕੀਰਤਨ ਵਿਚ ਕਰਦੇ ਹਨ ਜਿਸ ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚੋਂ ਇਕ ਲੰਬੀ ਸ਼ਬਦ ਰਚਨਾ ਦਾ ਗਾਇਨ ਵੱਖ-ਵੱਖ ਰਾਗਾਂ ਤੇ ਤਾਲਾਂ ਨੂੰ ਬਦਲ ਕੇ ਕੀਤਾ ਜਾਂਦਾ ਹੈ। ਗੁਰਮਤਿ ਸੰਗੀਤ ਵਿੱਚ ਇਸ ਗਾਇਨ ਨੂੰ ਗੁਲਦਸਤਾ ਕਿਹਾ ਜਾਂਦਾ ਹੈ। ਪ੍ਰੋ: ਅਜੀਤ ਸਿੰਘ ਪੈਂਤਲ ਨੇ ਇਸ ਬਾਰੇ ਲਿਖਿਆ ਹੈ:-

"Often in Kirtan the Ragis in order to astonish the audience, render a peculiar composition as the 'Rag-Sagar' or 'Guldasta'. In Hindustani Music this particular composition is known as 'Rag Mala'. In the composition a lengthy shabad is composed in various Ragas and Talas." 1

1. The Nature and the Place of Music in Sikh Devotional music and its Affinity with Hindustani Music (Thesis) Ajit Singh Paintal (Dr.) Pg. 152

- ਸਿੱਟਾ

ਗੁਰਬਾਣੀ ਅਤੇ ਗੁਰਬਾਣੀ ਕੀਰਤਨ ਵਿਚ ਬਹੁਤ ਡੂੰਘਾ ਸੰਬੰਧ ਹੈ ਜਿਸ ਵਿੱਚ ਰੂਹੀਆਂ ਲਾ-ਲਾ ਕੇ ਸ਼ਿੰਗਾਰਨ ਗੀਤ - ਸੰਗੀਤ ਸੁਣ ਲੈਂਦੇ ਹਨ। ਇਹ ਪ੍ਰੇਮ ਅਤੇ ਭਾਵਨਾ ਤੇ ਹੀ ਨਿਰਭਰ ਕਰਦਾ ਹੈ ਕਿ ਕੋਈ ਇਸ ਵਿਚ ਕਿੰਨਾ ਗਹਿਰਾ ਜਾ ਸਕਦਾ ਹੈ। ਕੀਰਤਨ ਕਰਨਾ ਅਤੇ ਕੀਰਤਨ ਸੁਣਨਾ ਹੀ ਭਗਤੀ ਦਾ ਰੂਪ ਹੈ।

ਮੈਂ ਇਸ ਲਘੂ ਖੋਜ - ਪ੍ਰਯੋਜਨਾ ਵਿੱਚ ਗੁਰਬਾਣੀ ਗਾਇਨ ਦੇ ਵੱਖ-ਵੱਖ ਰੂਪਾਂ ਨੂੰ ਸਮਝਣ ਦੀ ਜਿਆਦੀ ਕੋਸ਼ਿਸ਼ ਕੀਤੀ ਗਈ ਹੈ। ਜਿਥੇ ਇਸ ਵਿਚ ਪ੍ਰਗਤਨ ਸ਼ਾਸਤਰੀ ਅਤੇ ਲੋਕ ਅੰਗ ਦੇ ਗਾਇਨ ਰੂਪਾਂ ਦਾ ਉਲੇਖ ਕੀਤਾ ਗਿਆ ਹੈ, ਉਥੇ ਹੀ ਸੰਖੇਪ ਰੂਪ ਵਿੱਚ ਧਿਆਨ ਇਸ ਉੱਪਰ ਵੀ ਕੇਂਦਰਿਤ ਕੀਤਾ ਗਿਆ ਹੈ ਕਿ ਗੁਰਬਾਣੀ ਗਾਇਨ ਦੀਆਂ ਉਹ ਸਨਾਤਨ ਅਤੇ ਸ਼ੈਲੀਆਂ ਜਿਨ੍ਹਾਂ ਨੂੰ ਇਸ ਸੰਦਰਭ ਵਿੱਚ ਪ੍ਰਚਲਿਤ ਨਹੀਂ ਸਮਝਿਆ ਜਾਂਦਾ, ਜਿੱਥੇ ਧਰਮ ਜਾਂ ਸਮਾਜ ਵਿਚ ਤਾਂ ਆਮ ਲੋਕ ਉਨ੍ਹਾਂ ਤੋਂ ਹੀ ਬਹੁਤ ਪ੍ਰਭਾਵਿਤ ਹੋ ਰਹੇ ਹਨ ਅਤੇ ਨਾਲ ਹੀ ਜੁੜੇ ਰਹੇ ਹਨ। ਅੱਜ ਦੇ ਦੌਰ ਵਿੱਚ ਰਾਗ ਗਾਇਨ ਸੰਗੀਤ ਦੀ ਪੂਰਨਤਾ ਕੀਤੀ ਜਾ ਰਹੀ ਹੈ ਅਤੇ ਅਸੀਂ ਸਭ ਇਸ ਨਾਲ ਸਹਿਮਤ ਹਾਂ। ਕਿਸੇ ਨਾਲ ਹੀ ਇਹ ਵੀ ਕਿਹਾ ਜਾਂਦਾ ਹੈ ਕਿ ਕੇਵਲ ਰਾਗ ਸੰਗੀਤ ਹੀ ਗਾਉਣਾ ਚਾਹੀਦਾ ਹੈ ਤਾਂ ਇਸ ਸੰਦਰਭ ਵਿੱਚ ਖੋਜਾਰਥੀ ਦਾ ਇਹ ਵਿਚਾਰ ਹੈ ਕਿ ਸੰਗੀਤ ਭਾਵਪੂਰਨ ਹੈ ਅਤੇ ਇਹ ਭਾਵਨਾ ਹੀ ਸਭ ਤੋਂ ਉੱਪਰ ਹੈ ਕਿਉਂਕਿ ਰਾਗ ਦੇ ਪ੍ਰਮਾਣ ਤਾਂ ਗੁਰਬਾਣੀ ਵਿੱਚ ਹੀ ਥਾਂ-ਥਾਂ ਤੇ ਮਿਲਦੇ ਹਨ। ਮੈਂ ਪ੍ਰਗਤਨ ਗਾਇਨ ਰੂਪਾਂ ਦੇ ਨਾਲ-ਨਾਲ ਆਧੁਨਿਕ ਗਾਇਨ ਰੂਪਾਂ ਨੂੰ ਰੇਖਾਂਕਿਤ ਕਰਨਾ ਇਸ ਪ੍ਰਯੋਜਨਾ ਦਾ ਮਕਸਦ ਹੈ। ਇਸ ਲਈ ਹਰ ਆਮ ਮਨੁੱਖ ਨੂੰ ਆਪਣੀ ਭਾਵਨਾ, ਰੁਚੀ ਅਤੇ ਸਮਰੱਥਾ ਅਨੁਸਾਰ ਗੁਰਬਾਣੀ ਨੂੰ ਗਾਇਨ ਕਰਨ ਦਾ ਅਧਿਕਾਰ ਦੇਣਾ ਚਾਹੀਦਾ ਹੈ ਬਸ਼ਰਤੇ ਕਿ ਉਹ ਇਹ ਕੰਮ ਪੂਰੀ ਸ਼ਿੱਦਤ ਅਤੇ ਲਗਨ ਨਾਲ ਕਰੇ।

## ਸੰਦਰਭ ਗ੍ਰੰਥ ਸੂਚੀ


- ਸੰਗੀਤ ਨਿਬੰਧ : ਅਗਰਵਾਲ ਵਿਨੈ ਕੁਮਾਰ (ਡਾ.), ਸਿੰਘ ਜਗਮੋਹਨ
  ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ
- ਗੁਰਮਤਿ ਸੰਗੀਤ ਵਿਚ ਪ੍ਰਯੁਕਤ ਲੋਕ ਸੰਗੀਤਕ ਤੱਤ : ਸਿੰਘ ਗੁਰਪਰਤਾਪ ਸਿੰਘ
  ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ
- ਗੁਰਮਤਿ ਸੰਗੀਤ : ਪਰਬੰਧ ਤੇ ਪਾਸਾਰ : ਸਿੰਘ ਗੁਰਨਾਮ (ਡਾ.)
  ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ
- ਕੀਰਤਨ ਨਿਰਣੈਕਰ ਰੀਤ ਅਤੇ ਸੰਗੀਤ ਕਲਾ : ਵੈਦ ਰਾਗੀ ਗੁਰਚਰਨ ਸਿੰਘ
  ਰਾਗੀ ਗੁਰਚਰਨ ਸਿੰਘ ਵੈਦ, ਨਵੀਂ ਦਿੱਲੀ
- ਸੰਗੀਤ ਰੂਪ : ਭਾਗ-1,2,3 : ਕੌਰ ਹਰਵਿੰਦਰ (ਡਾ.)
  ਪਰਮ ਪ੍ਰਿੰਟ ਪ੍ਰਾਈਵੇਟ ਲਿਮਿਟਿਡ, ਪਟਿਆਲਾ
- ਆਦਿ ਗ੍ਰੰਥ ਕੋਸ਼ : ਸਿੰਘ ਗੁਰਨਾਮ (ਡਾ.)
  ਪਵਿੱਤਰ ਪ੍ਰਕਾਸ਼ਿਤ ਪ੍ਰਕਾਸ਼ਨ, ਪਟਿਆਲਾ
- ਸੰਗੀਤ ਰਤਨਾਕਰ : ਸ਼ਾਰੰਗਦੇਵ ਪੰਡਿਤ
  ਪੰਡਿਤ ਸ਼ਾਰੰਗਦੇਵ, ਚੌਖੰਭਾ ਸੰਸਕ੍ਰਿਤ ਸੀਰੀਜ਼, ਔਫ਼ਿਸ ਵਾਰਾਣਸੀ
- भारतीय संगीत का इतिहास : परांजपे शरच्चंद्र, श्रीधर
  ਚੌਖੰਭਾ ਸੰਸਕ੍ਰਿਤ ਸੀਰੀਜ਼, ਆਫ਼ਿਸ ਵਾਰਾਣਸੀ (1969)
- The Nature and the Place of Music in Sikh Devotional Music and its Affinity with Hindustani Music (Thesis)
  Paintal Ajit Singh (Dr.)

- ਪੱਤ੍ਰਿਕਾਵਾਂ
- ਸਮਾਜਿਕ ਵਿਗਿਆਨ ਪੱਤਰ (2010) ਸੰਗੀਤ ਗਾਇਨ ਸ਼ੈਲੀਆਂ (ਵਿਸ਼ੇਸ਼ ਅੰਕ) ਅੰਕ-58
  ਅਮਰਜੀਤ ਕੌਰ (ਡਾ.), ਜਸਬੀਰ ਕੌਰ (ਡਾ.)
  ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ
- भक्ति संगीत अंक, जनवरी 1970